ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

www.AKJ.org

## ਸਤਿਗੁਰੁ ਦਾਤਾ ਰਾਮ ਨਾਮ ਕਾ
## ਹੋਰ ਦਾਤਾ ਕੋਈ ਨਾਹੀ ॥

## ਜੀਅ ਦਾਨੁ ਦੇਇ ਤ੍ਰਿਪਤਾਸੇ
## ਸਚੈ ਨਾਮਿ ਸਮਾਹੀ ॥

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧ ਐਸਾ ਜੋਗੀ ਜੁਗਤਿ ਬੀਚਾਰੈ | ੧. | ੯ Slok Bhagat Kabir ji | ੨੪ |
| ੨ ਨਿਰੰਕਾਰੀ ਨਾਮ | ੩. | ੧੦.ਸੂਰਬੀਰ ਬਚਨ ਕੇ ਬਲੀ (ਕਵਿਤਾ) | ੨੫. |
| ੩.ਭਾ ਸਾ ਭਾ ਰਣਧੀਰ ਸਿੰਘ ਜੀ ਕਾਵਿਕ ਰਚਨਾ | ੫. | ੧੧.੩੦੦ਵਾਂ ਖਾਲਸਾ ਸਾਜਨਾ ਦਿਵਸ | ੨੬ |
| ੪ ਗੁਰੂ ਅਰਜਨ ਵਿਟਹੁ ਕੁਰਬਾਣੀ | ੮. | ੧੨.ਡਾ: ਪ੍ਰੀਤਮ ਸਿੰਘ ਜੀ ਜਲੰਧਰ ਵਾਲੇ | ੨੮. |
| ੫ ਅਰਜੁਨ ਕਾਇਆ ਪਲਟ ਕੈ | ੧੩. | ੧੩.ਸੰਤ ਅਤੇ ਸੰਤਵਾਦ | ੩੨ |
| ੬ ਸੋਨ ਚਿੜੀ ਭਾ ਸਾ: ਭਾ: ਰਣਧੀਰ ਸਿੰਘ ਜੀ | ੧੭. | ੧੪.ਗੁਰਸਿੱਖਾਂ ਇਕੋ ਪਿਆਰ | ੩੫. |
| ੭ ਸਿੱਖੀ ਦਿਆ ਬਾਨੀਆ(ਕਵਿਤਾ) | ੨੦ | ੧੫ ਕਰਮ ਫਿਲਾਸਫ਼ੀ | ੩੬ |
| ੮ ਪੰਜਵਾ ਕਕਾਰ ਕੇਸਕੀ | ੨੧. | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪ੍ਰਕਾਸ਼ ਪਾ: ਛੇਵੀਂ | ੫ ਜੁਲਾਈ |
| ਪਾ: ਛੇਵੀਂ ਤੇ ਗੁਰਗੱਦੀ ਤੇ ਮੀਰੀ ਪੀਰੀ ਦਿਵਸ | ੨੧ਜੁਲਾਈ |
| ਪ੍ਰਕਾਸ਼ ਪਾ: ਅੱਠਵੀਂ | ੨੩ ਜੁਲਾਈ |
| ਜਨਮਦਿਨ ਸਾਹਿਬਜਾਦਾ ਜ਼ੋਰਾਵਰ ਸਿੰਘ ਜੀ | ੨੭ ਜੁਲਾਈ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾ ਨੂੰ ਮੁੱਖ ਰੱਖਦਿਆ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾ ਪਹਿਲਾ ਵਾਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾ ਦਾ ਹੌਂਸਲਾ ਵਧਾਉਂਦੀਆ ਰਹਿਣਗੀਆ। ਸਾਰੇ ਸਰਕਲਾ ਦੇ ਸੇਵਾਦਾਰਾ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ | |
|---|---|---|---|
| | | ਹਵਾਈ ਡਾਕ | ਸਮੁੰਦਰੀ ਡਾਕ |
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ. |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾ ਹੀ ਕੱਟੇ ਜਾਣ। ਮਨੀਆਰਡਰ ਫਾਰਮਾ ਉੱਤੇ ਸੰਦੇਸ਼ ਵਾਲੀ ਥਾ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾ ਦਾ ਚੰਦਾ ਜਾ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਬਕਾਏ ਜਲਦੀ ਤੋਂ ਜਲਦੀ ਜਮਾ ਕਰਵਾਉਣ।

ਦਾਸਰਾ ਸੰਪਾਦਕ

## ਫ਼੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆ ਫ਼੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾ ਕਰਵਾ ਕੇ ਗੁਰੂ ਕੀਆ ਖੁਸ਼ੀਆ ਪ੍ਰਾਪਤ ਕਰੋ ਜੀ।

ਨੋਟ - ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੭ ਜਾ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ ਮਾਈਕਰੋਨਿਕਸ ਕੰਪਿਊਟਰਜ (ਇੰਡੀਆ), ਡੀ-੧੩, [illegible] ਰੋਡ, ਲੁਧਿਆਣਾ ਫੋਨ 543591


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੩
ਜੁਲਾਈ ੧੯੯੯
ਅੰਕ ੭

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

**ਸਾਲਾਨਾ ਚੰਦਾ** ਦੇਸ਼ : 40.ਰੁ: ਵਿਦੇਸ਼ :ਸਮੁੰਦਰੀ ਡਾਕ......140.ਰੁ: ਹਵਾਈ ਡਾਕ.......400ਰੁ:
**ਅਮਾਨਤੀ ਲਾਈਫ ਮੈਂਬਰਸ਼ਿਪ** ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...1400ਰੁ: ਹਵਾਈ ਡਾਕ.....4,000ਰੁ:
**ਚੰਦਾ ਭੇਜਣ ਦਾ ਪਤਾ** 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - 141002 ਟੈਲੀਫੋਨ : 0161-428194ਫੈਕਸ 91-161-536340 (ਇੱਕ ਕਾਪੀ .... 5.00)

Sura-Internet passward- WWW.SURA-INTERNATIONAL.COM

## ਐਸਾ ਜੋਗੀ ਜੁਗਤਿ ਬੀਚਾਰੈ

*ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥*
*ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿਧਾਰੈ ॥੧॥ਰਹਾਉ॥*
*ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥*
*ਰਵਿ ਸਸਿ ਏਕੋ ਗ੍ਰਿਹ ਉਦਿਆਨੈ॥ ਕਰਣੀ ਕੀਰਤਿ ਕਰਮ ਸਮਾਨੈ ॥੩॥*
*ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥*
*ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥*
*ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥*
*ਗੁਰ ਕੀ ਸੇਵਾ ਸਬਦੁ ਵੀਚਾਰ॥ ਹਉਮੈ ਮਾਰੇ ਕਰਣੀ ਸਾਰੁ ॥੭॥*
*ਜਪ ਤਪ ਸੰਜਮ ਪਾਠ ਪੁਰਾਣੁ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥*

(ਗਉੜੀ ਮ: ੧, ਪੰਨਾ ੨੨੩)

ਵਿਆਖਿਆ – ਸਾਚਾ ਕਰਮਾਕਾਰੀ ਉਹ ਜਨੁ ਹੈ ਜੋ ਨਿਰੋਲ ਆਤਮਾ ਨਮਿਤ ਕਰਮ ਕਰਦਾ ਹੈ, ਆਤਮ ਆਤਮ ਸਬੰਧੀ ਆਤਮ ਪ੍ਰਮਾਤਮ ਦੀ ਸੰਧ ਮਿਲਾਵਣ ਵਾਲੇ ਕਰਮ ਕਰਦਾ ਹੈ। ਸੱਚਾ ਅਧਿਆਤਮ-ਕਰਮੀ ਦਾ, ਅਧਿਆਤਮੀ ਕਰਮ ਕਰੰਦਾ ਬੰਦਾ ਉਹੀ ਹੈ। ਅਜਿਹਾ ਅਧਿਆਤਮੀ ਕਰਮ ਕੁਨਿੰਦਾ ਸਾਚਾ (ਸਚਿਆਰ) ਨ ਬੰਦਾ ਹੀ ਮੁਕਤੀ ਦੇ ਸੱਚੇ ਭੇਦ ਨੂੰ, ਤੱਤ ਭੇਦ ਨੂੰ ਜਾਨਣਹਾਰਾ ਹੈ। ਗੁਰ-ਮਤੋਂ ਘੁਥਿਆਂ ਕੱਚਿਆਂ ਕਾਚੇ) ਬੰਦਿਆਂ ਨੂੰ ਸੱਚੀ ਮੁਕਤੀ ਗੁਰਮਤਿ ਜੁਗਤੀ (ਵਾਲੇ) ਮੁਕਤੀ ਦੀ ਕੀ ਸਾਰ ਹੈ। ਤੱਤ ਸੱਚ ਤੋਂ ਅਜਾਣ ਜਗਿਆਸੂ ਮੁਕਤੀ ਦੀ ਕੀ ਸਾਰ ਜਾਣਦੇ ਹਨ। ਕੱਚੇ ਕੂੜਿਆਰ ਆਨਮਤੀ ਬੰਦੇ ਨੂੰ ਮੁਕਤੀ ਦੇ ਭੇਦ ਦੀ ਕੀ ਸਾਰ ਹੋ ਸਕਦੀ ਹੈ। ਗੁਰਮਤਿ ਮੁਕਤੀ ਦੇ ਭੇਦ ਵਾਲੀ ਸੱਚੀ ਜੁਗਤੀ ਨੂੰ ਕੇਵਲ ਜਾਨਣਹਾਰਾ ਹੀ ਸੱਚਾ ਜੋਗੀ ਨਹੀਂ ਕਹਾ ਸਕਦਾ। ਸੱਚਾ ਜੋਗੀ ਓਹੀ ਹੈ, ਜੋ ਗੁਰਮਤਿ ਸੱਚ ਜੋਗ ਦੀ ਸੱਚੀ ਜੁਗਤੀ ਨੂੰ ਸਤਿਗੁਰ ਬਚਨਾ ਦੁਆਰਾ ਬੀਚਾਰ ਕੇ ਕਮਾਵਨਹਾਰਾ ਭੀ ਹੋਵੇ। ਐਸੀ ਸੱਚੀ ਗੁਰਮਤਿ ਜੋਗ ਜੁਗਤੀ ਵਾਲਾ ਜਨ, ਗੁਰਮਤਿ ਨਾਮ ਅਭਿਆਸੀ ਜਨ ਹੀ ਹੈ ਜੋ ਗੁਰਮਤਿ ਨਾਮ ਅਭਿਆਸ ਦੀਆਂ ਅਧਿਆਤਮ ਕਰਮ ਕਮਾਈਆਂ ਕਰਦਾ ਹੈ। ਕਿਉਂਕਿ ਆਤਮ ਬਿਰਧੀ ਨਮਿਤ ਕਮਾਈਆਂ ਕੇਵਲ ਗੁਰਮਤਿ ਨਾਮ ਦੀਆਂ ਹੀ ਅਭਿਆਸ ਕਮਾਈਆਂ


www.AKJ.Org

ਹਨ। ਪਹਿਲਾਂ ਤਾਂ ਗੁਰਮਤਿ ਨਾਮ ਅਭਿਆਸ ਮਈ ਅਧਿਆਤਮ ਕਰਮ ਹੀ ਕਮਾਈ ਕਰਨ ਨਾਲਿ ਉਹ ਸੱਚੜਾ ਕਰਮ ਜੋਗੀ, ਅਧਿਆਤਮ ਕਰਮ-ਕਰੋਗੀ ਗੁਰਮੁਖ ਜਨ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਮਾਰਦਾ ਹੈ। ਫੇਰ ਪੰਜਾਂ ਨੂੰ ਮਾਰ ਕੇ ਸੱਚੇ ਵਾਹਿਗੁਰੂ ਨੂੰ ਅਧਿਆਤਮੀ ਅਭਿਆਸ ਕਰਮ ਦੁਆਰਾ ਘਟ ਅੰਤਰ ਹੀ ਪਰਗਟ ਹੋਏ ਵਾਹਿਗੁਰੂ ਸੱਚੇ (ਸਾਚ) ਨੂੰ ਉਰਿ ਧਾਰਦਾ ਹੈ। ਆਪਣੇ ਹਿਰਦੇ ਅੰਦਰਿ ਵਸਾ ਕੇ ਵਸਾਈ ਹੀ ਰਖਦਾ ਹੈ। (ਏਥੇ ਸਾਚ ਤੋਂ ਭਾਵ ਸੱਚੇ ਵਾਹਿਗੁਰੂ ਦਾ ਹੈ) ॥੧॥ ਰਹਾਉ॥ ਜਿਸ ਜਨ ਦੇ ਅੰਤਰਿ-ਆਤਮ, ਅਧਿਆਤਮ ਕਰਮ ਵਾਲਾ ਅਭਿਆਸ (ਗੁਰਮਤਿ ਨਾਮ ਅਭਿਆਸ) ਵਾਹਿਗੁਰੂ ਰੂਪ ਸਾਚੁ ਨੂੰ ਵਸਾ ਦਿੰਦਾ ਹੈ, ਭਾਵ ਵਾਹਿਗੁਰੂ ਨੂੰ ਵਸਾ ਦਿੰਦਾ ਹੈ, ਉਹ ਗੁਰਮੁਖ ਜਨ ਸੱਚੇ ਜੋਗ ਦੀ ਸੱਚੜੀ ਜੁਗਤੀ ਦੀ ਕੀਮਤਿ, ਮਿਤਿ ਨੂੰ ਪਾ ਲੈਂਦਾ ਹੈ॥੨॥ ਅਜਿਹੇ ਸਚੁ ਜੋਗ ਜੁਗਤਿ ਮਰਮੀ ਸਚੜੇ ਅਧਿਆਤਮ ਕਰਮੀ ਗੁਰਮੁਖ ਜਨ ਨੂੰ ਉਸਨੇ ਸੀਤ (ਤਪਸ਼ ਤੇ ਠੰਢ), ਘਰ ਤੇ ਤੇ ਜੰਗਲ-ਬੀਆਬਾਨ ਸਮਾਨ ਹੀ ਹੁੰਦੇ ਹਨ। ਸੂਰਜ ਚੰਦ ਦੀ ਉਪਜਾਈ ਗਰਮੀ ਸਰਦੀ ਉਸਨੂੰ ਪੋਹੰਦੀ ਨਹੀਂ ਤੇ ਨਾ ਸੂਰਜ ਚੰਦ ਤੋਂ ਉਪਜਿਆ ਉਜਿਆਰਾ ਯਾ ਅੰਧਿਆਰਾ ਹੀ ਉਸ ਨੂੰ ਪੋਹ ਸਕਦਾ ਹੈ। ਉਸ ਦੇ ਅੰਦਰਿ ਨਾਮ ਜਪਣ ਦੀ ਪਾਰਸ-ਕਲਾ ਦੁਆਰਾ ਜੋ ਕੋਟਿ ਸੂਰਜਾਂ ਦਾ ਉਜਿਆਰਾ ਹੋ ਜਾਂਦਾ ਹੈ ਉਸ ਮਹਾਂ ਸੀਤਲ ਉਜਿਆਰੇ ਦੇ ਸਾਹਮਣੇ ਇਹ ਸੂਰਜ ਚੰਦੀ ਉਜਿਆਰੇ ਅੰਧਿਆਰੇ ਤਪਸ਼ ਸੀਤਲਤਾਰੇ ਕੋਈ ਭੀ ਹਕੀਕਤ ਨਹੀਂ ਰਖਦੇ ਹਨ। ਸੀਤ ਚਾਨਣਾਰੇ ਮਿਠ-ਜੋਤਿ ਓਘਾੜੇ ਹੀ ਓਘਾੜੇ ਹੋਏ ਵੇ ਹੁੰਦੇ ਹਨ। ਜਿਨ੍ਹਾਂ ਦੇ ਘਟ ਰੂਪੀ ਘਰ ਅੰਦਰਿ ਅਜਿਹੇ ਰਸ ਪ੍ਰਮਾਤਮੀ ਰੰਗ ਲਗੇ ਹੋਏ ਹੋਣ, ਐਸੇ ਅਧਿਆਤਮ-ਕਰੰਮੀਆਂ, ਰਸ-ਜੋਤਿ ਠਰਮੀਆਂ ਨੂੰ ਬਨਾਂ ਜੰਗਲਾਂ ਵਿਚਿ ਜਾਣ ਦੀ ਕੀ ਲੋੜ ਰਹਿੰਦੀ ਹੈ? ਗ੍ਰਿਹ ਉਦਿਆਨ ਉਨ੍ਹਾਂ ਲਈ ਇਕ ਸਮਾਨ (ਸਮਸਰੀ) ਹੀ ਹੁੰਦੇ ਹਨ। ਉਸ ਲਈ ਸਿਫਤ ਸਾਲਾਹ ਮਈ ਕੀਰਤਿ ਰੂਪੀ ਕਰਣੀ ਹੀ ਸੱਚਾ ਕਰਮ ਹੈ। ਇਸ ਅਧਿਆਤਮ ਕਰਮ ਤੋਂ ਛੁਟ ਹੋਰ ਕਰਮ ਅਨਕਰਮ ਨੂੰ ਆਨਮਤਿ ਮੰਨੇ ਪ੍ਰਮੰਨੇ ਕਰਮ ਸੁਕਰਮ ਸਭ ਸਮਾਨ ਹੀ ਹਨ ॥੩॥

ਅਜਿਹੇ ਗੁਰਮਤਿ ਨਾਮ ਅਭਿਆਸ ਦੇ ਸੱਚੜੇ ਅਧਿਆਤਮ ਕਰੰਮੜੇ ਸੰਨਿਆਸੀ ਜਨ ਕੇਵਲ ਨਾਮੁ ਭਿਖਿਆ, ਇਕੋ ਸਬਦੁ ਭਿਖਿਆ ਮੰਗਣਹਾਰੇ ਭਿਖਾਰੀ ਹੀ ਹਨ। ਇਸ ਭਿਖਿਆ ਮੰਗਣ ਲਈ ਉਹ ਆਪਣੀ ਘਟ ਨਗਰੀ ਅੰਦਰਿ ਹੀ ਅਲਖ ਜਗਾਉਂਦੇ ਹਨ, ਸੁਆਸ ਅਭਿਆਸੀ ਖੰਡਾ ਖੜਕਾਉਂਦੇ ਹਨ। ਜਿਸ ਘਟਿ-ਅਭਿਆਸ ਰਸ-ਜੋਤਿ ਪ੍ਰਕਾਸ਼ਨੀ ਖੰਡੇ ਦੇ ਪ੍ਰਤਾਪ ਕਰਕੇ ਸੱਚੇ ਜੋਤੀਸ਼ਤ ਵਾਹਿਗੁਰੂ ਨੂੰ ਆਪਣੇ ਅੰਦਰੇ ਹੀ ਪ੍ਰਕਾਸ਼ ਕਰ ਲੈਂਦੇ ਹਨ (ਜਗਾ ਲੈਂਦੇ ਹਨ, ਜਗਮਗਾ ਲੈਂਦੇ ਹਨ)। "ਜੋਤਿ ਲਾਇ ਜਗਦੀਸ ਜਗਾਇਆ" ਵਾਲਾ ਪ੍ਰਚੰਡ ਜਗਦੀਸੀ ਦਰਸਨ ਆਪਣੇ ਘਟ ਅੰਤਰਿ ਹੀ ਕਰ ਲੈਂਦੇ ਹਨ। ਇਸ ਕਰਕੇ "ਸਚੁ ਜਾਗੈ" ਤੋਂ ਆਨ ਗਿਆਨ ਧਿਆਨ ਜੋਗ ਜੁਗਤੀਆਂ ਸਾਰੀਆਂ ਹੀ ਪ੍ਰਚੰਡ ਨੂਰ ਝਲਕਰਨੀਏ ਦਰਸ਼ਨ ਅੰਦਰਿ ਹੀ ਸਮਾ ਜਾਂਦੀਆਂ ਹਨ। ਐਸਾ ਅਧਿਆਤਮ ਕਰਮੀ ਜਨ, ਘਟ ਅੰਤਰਿ ਜਾਗੈ ਜਗਦੀਸ਼ ਦੀ ਭੈ ਅਦਬ ਪੂਜਾ ਵਾਲੀ ਪ੍ਰੇਮਾ ਭਗਤੀ ਵਿਚਿ ਅੰਦਰੇ ਅੰਦਰਿ ਹੀ ਰਚਿਆ ਰਹਿੰਦਾ ਹੈ। ਇਸ ਦਰਸ਼ਨ ਅਵਤਾਰੀ ਅਨੰਦ ਤੋਂ ਉਸ ਦੀ ਅੱਖ ਹੀ ਨਹੀਂ ਉਘੜਦੀ। ਅੰਤਰ ਗਤੀ ਦਰਸ਼-ਰੰਗਲੇ ਆਨੰਦ ਮਾਨਣ ਵਾਲੀ ਪ੍ਰੇਮਾ ਭਗਤੀ ਵਿਚਿ ਹੀ ਰਚਿਆ ਰਹਿੰਦਾ ਹੈ। ਬਾਹਰ ਮੁਖੀ ਸੁਰਤਿ ਉਸ ਦੀ ਹੁੰਦੀ ਹੀ ਨਹੀਂ। ਬਾਹਰ ਜਾ ਕੇ ਬਾਹਰ ਸੁਰਤੀਆਂ ਬਿਰਤੀਆ ਦੌੜਾ ਕੇ ਉਸ ਨੇ ਲੈਣਾ ਹੀ ਕੀ ਹੈ। "*ਕਤ ਜਾਈਐ ਰੇ ਘਰਿ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥*" *(ਪੰਨਾ ੧੧੯੫)* ਉਸ ਦੀ ਆਤਮ ਦਸ਼ਾ ਐਸੀ ਹੋ ਜਾਂਦੀ ਹੈ। ਉਹ ਇਸ ਪ੍ਰਮਾਤਮ ਰੰਗ ਵਿਚਿ ਹੀ ਰੰਗੇ ਜਾਂਦੇ ਹਨ। ਅਜਿਹੇ ਅਧਿਆਤਮ ਕਰੰਮੀ, ਪਰਮਾਤਮ ਲਿਵ ਦਰਸ ਮਰੰਮੀ ਦੀ ਮਹਿਮਾ ਮਿਤਿ ਕਹੀ ਹੀ ਨਹੀਂ ਜਾ ਸਕਦੀ। ਕਹੇ ਤਾਂ ਕਉਣ ਕਹੇ। ਇਸ ਅੰਤਰਗਤੀ ਲਿਵ ਜੋਤਿ ਰਹਸੀ ਦੀ ਕੀਮਤ ਹੀ ਕੁਛ ਨਹੀਂ। ਉਸਦੀ ਕੀਮਤ ਪਾਈ ਹੀ ਨਹੀਂ ਜਾ ਸਕਦੀ। ਹੋਰ ਕਉਨਸੀ ਕੀਮਤ ਹੈ ਬਸ, ਲਿਵ ਹੀ ਲਾਇ ਰਹੇ। ਲਿਵ ਲਾ ਕੇ ਦੇਖੇ ਤੇ ਹੀ ਕੀਮਤ ਪੈਂਦੀ ਹੈ। ਪਰ ਕੀਮਤ ਫੇਰ ਭੀ ਕੀ ਪੈਣੀ ਸੀ। ਲਿਵ ਲਾਇ ਰਹਿਣੀਆਂ ਨੂੰ ਕੀਮਤਿ ਪਾਉਣ ਦੀ ਸੂਝ ਬੂਝ ਤੇ ਜ਼ਰੂਰਤ ਹੀ ਕੀ ਹੈ? ਕੀਮਤ ਪਾਉਣ ਪੁਆਉਣ ਦੀ ਕਿਹੜੀ

(ਬਾਕੀ ਪੰਨਾ ੧੯ ਤੇ ...)


www.AKJ.Org

# ਨਿਰੰਕਾਰੀ ਨਾਮ

(ਵਲੋਂ- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਗੁਰ-ਬਖ਼ਸ਼ਿਸ਼ ਰੂਪੀ ਸਤਿਗੁਰ ਦਾ ਸਚਾ ਪਰਸਾਦ ਨਾਮ ਹੀ ਹੈ। ਜਿਸ ਨੂੰ ਇਹ ਸਤਿਗੁਰ ਦਾ ਬਖ਼ਸ਼ਿਆ ਪ੍ਰਸਾਦੁ ਮਿਲਦਾ ਹੈ, ਉਸ ਨੂੰ ਕਦੇ ਤੋਟ ਨਹੀਂ ਆਉਂਦੀ, ਸਦਾ ਹੀ ਅਤੁੱਟ ਛਾਂਦੇ ਉਹ ਭੁੰਚਦਾ ਹੈ। ਸਤਿਗੁਰ ਨਾਨਕ ਸਾਹਿਬ ਦੇ ਪ੍ਰਸਾਦਿ ਕਰ ਮਿਲਿਆ ਨਿਰੰਕਾਰ ਅਕਾਲ ਪੁਰਖ ਦਾ ਨਾਮ ਭੀ ਨਿਰੰਕਾਰੀ ਨਾਮ ਹੈ। ਇਹ ਨਿਰੰਕਾਰੀ ਨਾਮ, ਰੂਪ-ਰੇਖ ਤੋਂ ਨਿਆਰਾ, ਪਰ ਦਿਬ ਜੋਤੀਜ ਘਟਿ ਘਟਿ ਡੀਠ ਅਡੀਠ ਨਾਮ ਹੈ, ਜੋ ਅਲੱਖ ਪਦਾਰਥ ਕੇਵਲ ਨਾਮ-ਰਸੀਏ ਗੁਰਮੁਖਾਂ ਪਾਸੋਂ ਹੀ ਲਖਿਆ ਜਾ ਸਕਦਾ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਦਾ ਭਾਵ ਹੈ-

"ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ, ਗੁਰਮੁਖਿ ਅਲਖ ਲਖਾਵਣਿਆ॥
........ਗੁਰੁ ਪਰਸਾਦੁ ਕਰੈ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ॥"

ਨਾਮ ਨਾਮੀ ਦੀ ਦਿਬ ਜੋਤਿ ਦੀ ਅੱਲਖ ਲਖਤਾ ਵਾਲੇ ਗੁਰਮੁਖ ਜਨਾਂ ਅਤੇ ਘਟ ਘਟ ਮਹਿ ਖ਼ਾਲਸ ਜੋਤਿ ਜਗਨੰਤਰੀ ਖ਼ਾਲਸਾ ਜਨਾਂ ਦਾ ਪੁੰਜ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਅਧਿਕਾਰੀ ਜਗਿਆਸੂ ਜਨਾਂ ਨੂੰ ਅੰਮ੍ਰਿਤ ਛਕਾ ਸਕਦਾ ਹੈ ਅਤੇ ਨਾਮ ਗੁਰਮੰਤਰ ਦ੍ਰਿੜ੍ਹਾ ਸਕਦਾ ਹੈ। ਅਜਿਹੇ ਇਕ ਇਕੱਲੇ ਖ਼ਾਲਸਾ ਜਨ ਨੂੰ ਨਾਮ ਗੁਰਮੰਤ੍ਰ ਦੇਣ-ਦ੍ਰਿੜ੍ਹਾਉਣ ਦਾ ਅਧਿਕਾਰ ਨਹੀਂ। ਨਾ ਹੀ ਉਸ ਇਕੱਲੇ ਨੂੰ ਅੰਮ੍ਰਿਤ ਛਕਾਉਣ ਦੀ ਅਧਿਕਾਰ ਹੈ, ਚਾਹੇ ਉਹ ਕਿਤਨਾ ਉੱਚਾ ਸੁੱਚਾ ਨਾਮ ਅਭਿਆਸ ਕਲਾ ਕਮਾਈ ਵਾਲਾ ਨਿਪੁੰਨ ਗੁਰਮੁਖ ਜਨ ਹੀ ਹੋਵੇ। ਭੂਤ ਭਵਿੱਖਤ ਦੇ ਦਾਨੀ (ਤ੍ਰੈਕਾਲ ਦਰਸੀ) ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੀ ਗੁਰਤਾ ਦੇ ਅਹਿਦ ਸਮੇਂ ਹੀ ਪੰਜਾ ਪਿਆਰਿਆਂ ਵਾਲਾ ਧਰੁਵਾ ਬੰਨ੍ਹ ਦਿਤਾ। ਇਥੋਂ ਤਾਈਂ ਕਿ ਖ਼ੁਦ ਚੋਜੀ ਪਾਤਸ਼ਾਹ ਨੈ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਨਾਮ ਦਾਨ ਲੀਤਾ, ਤਾਕਿ ਅਗੇ ਨੂੰ ਕੋਈ ਇਕੱਲਾ ਗੁਰੂ ਬਣ ਕੇ ਨਾ ਬੈਠੇ ਅਤੇ ਇਕੱਲਾ ਹੀ ਨਾਮ ਦੇਣਾ ਨਾ ਅਰੰਭ ਦੇਵੇ। ਪੰਜਾਂ ਪਿਆਰਿਆਂ ਦੇ ਪ੍ਰਗਟਾਉਣ ਵਾਲੇ ਚੋਜ ਪਸਚਾਤ ਗੁਰੂ ਦਸਮੇਸ਼ ਸਚੇ ਪਾਤਸ਼ਾਹ, ਅਗੇ ਲਈ ਹਮੇਸ਼ਾ ਆਪਣੀ ਹਜ਼ੂਰੀ ਵਿਚ (ਅਰਥਾਤ ਆਪਣੀ ਤਾਬਿਆ) ਅਧਿਕਾਰੀ ਜਨਾਂ ਨੂੰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਾਉਂਦੇ ਰਹੇ। ਪੰਜਾਂ ਪਿਆਰਿਆਂ ਦੀ ਹਜ਼ੂਰੀ ਮਨਜ਼ੂਰੀ ਵਿਚ ਨਾਮ ਦਾਨ ਦਿੰਦੇ-ਦ੍ਰਿੜ੍ਹਾਉਂਦੇ ਰਹੇ। ਆਪਣੇ ਜੋਤੀ ਜੋਤਿ ਸਮਾਉਣ ਸਮੇਂ ਤੋਂ ਪਹਿਲਾਂ ਹੀ ਇਕ ਪੱਕਾ ਧੁਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਦਾ ਲਈ ਗੁਰ-ਗੱਦੀ ਤੇ ਸਸ਼ੋਭਤ ਰਹਿਣਗੇ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਇਸੇ ਤਰ੍ਹਾਂ ਪੰਚ ਪਰਵਾਨ ਖ਼ਾਲਸਾ ਜੀ ਅੰਮ੍ਰਿਤ ਛਕਾਇਆ ਤੇ ਨਾਮ ਦ੍ਰਿੜ੍ਹਾਇਆ ਕਰਨ, ਜੈਸਾ ਕਿ ਸਾਡੀ ਤਾਬਿਆ ਧੁਰਵਾ ਬੱਝ ਰਿਹਾ ਹੈ।

ਗੁਰੂ ਦਸਮੇਸ਼ ਜੀ ਦੇ ਖ਼ਾਲਸਾ ਸਜਾਉਣ ਦੇ ਸਮੇਂ ਤੋਂ ਪਹਿਲਾਂ ਸਭੇ ਗੁਰੂ ਪਾਤਿਸ਼ਾਹੀਆਂ ਦੀ ਹੁਕਮ ਰਜ਼ਾਈ ਟਕਸਾਲ ਦਾ ਸਿੱਕਾ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਥਾਉਂ ਚਰਨ-ਪਾਹੁਲੀ ਅੰਮ੍ਰਿਤ ਛਕਾਉਣਾ ਸੀ। ਜੋ ਗੁਰੂ ਪਾਤਸ਼ਾਹ ਤੋਂ ਬਿਨਾਂ ਕੋਈ ਨਹੀਂ ਸੀ ਛਕਾ ਸਕਦਾ। ਨਾ ਹੀ ਕੋਈ ਨਾਮ ਨਿਧਾਨ ਦ੍ਰਿੜ੍ਹਾ ਸਕਦਾ ਸੀ। ਗੁਰਮਤਿ-ਨਾਮ ਦੀ ਮਹਿਮਾ ਗੁਰੂ ਕੀ ਮਹਿਮਾ ਦ੍ਰਿੜ੍ਹਾਇ ਦ੍ਰਿੜ੍ਹਾਇ ਨਾਮ ਅਭਿਆਸ ਕਮਾਈਆਂ ਵਾਲੇ ਗੁਰਮੁਖਿ ਜਨ, ਨਾਮ ਗੁਰਮਤਿ ਗੁਰਸਿਖੀ ਦੇ ਉਮੈਦਵਾਰਾਂ ਨੂੰ ਪ੍ਰੀਤੀ-ਪ੍ਰੇਰਨਾ ਦੁਆਰਾ ਸਤਿਗੁਰ-ਸਰਣੀ ਲਿਆਉਣ ਦੀ ਅਥੱਕ ਸੇਵਾ ਵਿਚ ਜੁਟੇ ਰਹਿੰਦੇ ਸਨ। ਪਰ ਆਪ ਆਪੋਂ ਕਦੇ ਕਿਸੇ ਨੂੰ ਨਾਮ ਅਤੇ ਸਿਖੀ ਪਰਦਾਨ ਨਹੀਂ ਕਰਦੇ ਸਨ ਅਤੇ ਇਸ ਬਿਧ ਗੁਰੂ ਬਣ ਬਣ ਕਦੇ ਨਹੀਂ ਬਹਿੰਦੇ ਸਨ।

ਗੁਰੂ ਬਣ ਬਹਿਣ ਦੀ ਵਾਦੀ ਪੈਂਦੀ ਹੀ ਨਾਮ ਗੁਰ-ਮੰਤ੍ਰ ਦੇ ਦਾਤੇ ਬਣਨ ਤੋਂ ਹੈ, ਇਹ ਵਾਦੜੀਆ ਕੁਵਾਦੜੀਆਂ ਖ਼ਬਰ ਨਹੀਂ ਕਦੋਂ ਕੁ ਤੋਂ ਪਰਚਲਤ ਹੋਈਆਂ, ਪਰ ਇਸ ਵਿਚ ਸੰਦੇਹ ਨਹੀਂ ਕਿ ਹੋਈਆ ਉਨ੍ਹਾਂ ਦੇ ਪੈਰਾਂ ਤੋਂ, ਜੋ ਗੂੜ੍ਹ ਗੁਰਮਤਿ ਦੇ ਤੱਤ-ਆਸ਼ੇ ਤੋਂ ਅਗਿਆਨੀ ਸਨ ਅਤੇ ਜਿਨ੍ਹਾ ਨੂੰ ਗੁਰੂ ਬਣ ਬਹਿਣ ਦਾ ਕੁਚਸਕਾ ਪਿਆ ਹੋਇਆ ਸੀ। ਇਹ ਖ਼ਬਰੇ ਕਿਵੇਂ ਪੈ ਗਿਆ ਸੀ ?

ਭਾਈ ਗੁਰਦਾਸ ਜੀ ਸਾਰਖੇ ਤੱਤ-ਬੇਤੇ ਗੁਰਮੁਖ ਜਨ ਅਤੇ ਬਾਬੇ ਬੁੱਢੇ ਸਾਰਖੇ ਬ੍ਰਹਮ ਗਿਆਨੀ ਤਾਂ ਸੰਗਤਾਂ ਨੂੰ ਦੂਰ ਦੁਰਾਡਿਆਂ ਥਾਵਾਂ ਤੋਂ ਪਰੇਰ ਪਰੇਰ ਕੇ ਗੁਰ-ਸਰਨਾਗਤਿ ਲਿਆਉਂਦੇ ਰਹੇ ਅਤੇ ਗੁਰ ਸਤਿਗੁਰੂ ਪਾਸੋਂ ਹੀ ਨਾਮ ਗੁਰਮੰਤਰ ਦਾ ਦਾਨ ਅਤੇ ਗੁਰਸਿਖੀ ਪਰਦਾਨ ਕਰਾਉਂਦੇ ਰਹੇ. ਉਹ ਕਦੇ ਖ਼ੁਦ ਗੁਰੂ ਬਣ ਕੇ ਨਹੀਂ ਬੈਠੇ. ਨਾ ਹੀ ਉਨ੍ਹਾਂ ਨੇ ਨਾਮ ਗੁਰਮੰਤਰ ਖ਼ੁਦ ਕਿਸੇ ਪ੍ਰਾਣੀ ਨੂੰ ਦਿਤਾ. ਨਾ ਕਿਸੇ ਨੂੰ ਆਪਣਾ ਸਿਖ ਬਣਾਇਆ. ਨਾ ਆਪਣੇ ਆਪ ਨੂੰ ਗੁਰੂ ਸਦਵਾਇਆ। ਨਹੀਂ ਤਾਂ ਹੁਣ ਨੂੰ ਉਹਨਾਂ ਦੀਆਂ ਸਿਖੀ-ਸੇਵਕੀ ਦੀਆਂ ਪੱਧਰਾਂ ਕਦੇ ਦੀਆਂ ਪਰਚਲਤ ਹੋ ਗਈਆਂ ਹੁੰਦੀਆਂ। ਬ੍ਰਹਮ-ਬੇਤੇ ਹੋ ਕੇ ਸਦੀਵ ਲਈ ਸਿਖ ਹੀ ਬਣੇ ਰਹੇ ਅਤੇ ਆਪਣੇ ਆਪ ਨੂੰ ਜਣਾਇਆ ਤਕ ਨਹੀਂ। ਇਹੀ ਤਾਂ ਅਜਰ ਨੂੰ ਜਰਨ ਵਾਲੀ ਗੁਰ-ਹੁਕਮਾਂ ਦੀ ਸਫਲ ਕਮਾਈ ਹੈ। ਇਹੀ ਸੱਚੀ ਗੁਰਸਿਖੀ ਹੈ। ਇਹੀ ਨਾਮ ਰਸਾਇਣੀ ਅਜਰ ਜਰਾਇਣੀ ਅਡੋਲ ਅਤੇ ਹਉਮੈ ਤੋਂ ਨਿਰਲੇਪ ਆਤਮ-ਅਵਸਥਾ ਹੈ, ਜੋ ਪੂਰਨ ਗੁਰ-ਮਰਯਾਦਾ ਅਨੁਸਾਰ ਤੇ ਗੁਰਮਤਿ ਦੇ ਪੂਰਨ ਤੱਤ ਆਸ਼ੇ ਅਨੁਸਾਰ ਕੇਵਲ ਸਤਿਗੁਰੂ ਦੁਆਰਿਓਂ ਹੀ ਨਾਮ-ਦਾਤ ਦੀ ਬਖ਼ਸ਼ਸ਼ ਕਰ ਵਰੋਸਾਏ ਗਏ ਗੁਰਮੁਖ ਜਨਾਂ ਨੂੰ ਪ੍ਰਾਪਤ ਹੈ।

ਜੋ ਇਥੋਂ ਰਾਈ ਮਾਤਰ ਭੀ ਘੁਥ ਗਏ, ਸੇ ਕਾਂਪ ਖਾ ਗਏ; ਅਤੇ ਅਕਸਰ ਓਹੀ ਕਾਂਪ ਖਾਂਦੇ ਹਨ, ਜਿਨ੍ਹਾਂ ਦੀ ਨਾਮ ਲੈਣ ਵਾਲੀ ਪੂਰਨ ਗੁਰਮਤਿ ਮਰਯਾਦਾ ਵਲੋਂ ਅਪੂਰਨਤਾ ਰਹਿ ਜਾਂਦੀ ਹੈ, ਯਾ ਜਿਨ੍ਹਾਂ ਤੋਂ ਨਾਮ-ਦਾਤ ਪੂਰਨ ਗੁਰ-ਮਰਯਾਦਾ ਅਨੁਸਾਰ ਪ੍ਰਾਪਤ ਕਰ ਕੇ ਪਿਛੋਂ ਕੋਈ ਗੁਰਮਤਿ ਪ੍ਰਤਿਕੂਲ ਚੂਕ ਹੋ ਜਾਂਦੀ ਹੈ. ਉਹ ਅੱਤ ਚੜ੍ਹਦੀ ਆਤਮ ਬਵਸਥਾ ਤੋਂ ਉਸ ਮਨਮਤ ਦੇ ਕਾਰਨ ਹੀ ਇਕ-ਦਮ ਖੜਦੀ ਕਲਾ ਵਿਚ ਹੋ ਜਾਂਦੇ ਹਨ।

ਇਕ ਗੁਰਮੁਖਿ ਨਾਮ ਕਮਾਈਆਂ ਵਾਲੇ ਸਿਖ ਸਜਣ ਦੀ ਇਥੋਂ ਤਾਈਂ ਆਤਮ ਅਵਸਥਾ ਚੜ੍ਹ ਗਈ ਸੀ ਕਿ ਉਸ ਦੀ ਨਾਮ-ਰੰਗਾਂ ਵਾਲੀ ਕਮਾਲ ਕਰਨੀ ਨੂੰ ਪੇਖਿ ਪੇਖਿ ਸੈਂਕੜੇ ਆਦਮੀ ਸੁਮਾਰਗੇ ਪਏ ਅਤੇ ਗੁਰਮਤਿ ਗ੍ਰਹਿਣ ਕਰ, ਤਿਆਰ-ਬਰ-ਤਿਆਰ ਸਿੰਘ ਸਜੇ. ਪਰ ਉਹ ਸਜਣ ਵਿਚ-ਵਿਚਾਲੇ ਆ ਕੇ ਅਜਿਹਾ ਅਟਕਿਆ ਕਿ ਉਸ ਦਾ ਨਾਮ-ਅਭਿਆਸ ਉੱਕਾ ਹੀ ਖੜੋ ਗਿਆ। ਉਹ ਦੁਹਾਈਆਂ ਦੇਵੇ ਅਤੇ ਕਹੇ ਕਿ ਮੈਨੂੰ ਕੀ ਹੋ ਗਿਆ ? ਬਹੁੜੀਆਂ ਪਾਵੇ, ਪਰ ਬਣੇ ਕੁਝ ਨਾ। ਓੜਕ ਜਦੋਂ ਨਾਮ-ਰਸੀਅੜੇ ਸਿੰਘ ਸਜਨਾਂ ਦੇ ਸਨਮੁਖ ਗੁਰੂ-ਦਰਬਾਰ ਵਿਚ ਆ ਕੇ ਉਸ ਨੇ ਪੁਕਾਰ ਕੀਤੀ ਤੇ ਸੰਗਤ ਅੰਦਰ ਵੀਚਾਰ ਦੁਆਰਾ ਜਦੋਂ ਉਸ ਦੀ ਸੋਧਨਾ ਕੀਤੀ ਗਈ ਤਾਂ ਪਤਾ ਲੱਗਾ ਕਿ ਉਹ ਸਜਣ ਇਕੱਲਾ ਹੀ ਲੋਕਾਂ ਨੂੰ ਨਾਮ ਗੁਰ-ਮੰਤਰ ਦੇਣ ਲੱਗ ਗਿਆ ਸੀ। ਉਸ ਦੀ ਇਸ ਬਜਰ ਭੁੱਲ ਦਾ ਜਦੋਂ ਗੁਰ-ਸੰਗਤ ਅੰਦਰ ਪੂਰਨ ਪ੍ਰਾਸਚਿਤੀ ਅਰਦਾਸਾ ਉਸ ਦੀ ਓਰ ਤੋਂ ਹੋਇਆਂ ਤਾਂ ਤਤਕਾਲ ਹੀ ਉਸ ਦਾ ਨਾਮ-ਅਭਿਆਸ ਤੁਰ ਪਿਆ, ਜੋ ਅਗੇ ਪਥਰਾਇਆ ਗਿਆ ਸੀ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਕੱਲੇ ਨਾਮ ਦੇਣ ਵਾਲਿਆਂ ਦੇ ਇਕੱਲੇ ਨਾਮ ਲੈਣ ਵਾਲਿਆ ਦੋਹਾਂ ਦੀਆਂ ਨਾਮ-ਅਭਿਆਸ ਕਮਾਈਆਂ ਵਿਚ ਕਚਿਆਈਆਂ ਅਤੇ ਅਪੂਰਨਤਾਈਆਂ ਜ਼ਰੂਰ ਰਹਿ ਜਾਂਦੀਆ ਹਨ। ਜਿੰਨੀਆਂ ਵੀ ਇਸ ਤਰ੍ਹਾਂ ਨਾਮ ਦੇਣ ਲੈਣ ਵਾਲਿਆਂ ਦੀਆਂ ਸੰਪਰਦਾਵਾਂ ਚਲੀਆਂ ਹਨ, ਸਭੇ ਹੀ ਤੱਤ-ਨਾਮ ਅਭਿਆਸ ਦੀ ਪੂਰਨ ਕਮਾਈ ਵਲੋਂ ਊਰੀਆਂ ਤੇ ਅਧੂਰੀਆਂ ਰਹਿ ਜਾਂਦੀਆਂ ਹਨ। ਚਾਹੇ ਕਿਤਨੀਆ ਰਿੱਧੀਆ ਸਿੱਧੀਆਂ ਉਹਨਾਂ ਦੀਆਂ ਪਰਸਿੱਧ ਹੋਣ, ਪਰ ਪੂਰਨ ਨਾਮ ਕਮਾਈ ਦੀ ਗੁਰਮਤਿ ਆਦਰਸ਼ਕ ਬਵਸਥਾ ਤੇ ਪੁਗ ਖਲੋਣ ਖੁਣੋਂ ਇਹ ਸਭ ਬੱਦਲ ਦੀ ਛਾਈ ਹੀ ਜਾਣੋ।

ਗੁਰੂ ਸਾਹਿਬਾਨ ਦੇ ਸਮੇਂ ਜਿਨ੍ਹਾਂ ਗੁਰਮੁਖ ਗੁਰਸਿਖਾਂ ਨੂੰ ਮੰਜੀਆਂ ਬਖ਼ਸ਼ੀਆਂ ਗਈਆਂ, ਸੋ ਗੁਰਮਤਿ ਦੇ ਪਰਚਾਰ ਲਈ ਬਖ਼ਸ਼ੀਆਂ ਗਈਆਂ, ਨਾ ਕਿ ਗੁਰੂ ਦਾ ਡਿੰਭ ਧਾਰਨ ਲਈ। ਜੇ ਕਹੋ ਕਿ ਇਤਿਹਾਸ ਤੋਂ ਇਹ ਗੱਲ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦਾਨ ਨਹੀਂ ਸੀ ਕਰਦੇ, ਤਾਂ ਇਤਿਹਾਸ ਤੋਂ ਇਹ ਗੱਲ ਭੀ ਸਿੱਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦੇਂਦੇ ਰਹੇ ਹਨ। ਜੇ ਕਦੇ ਕਿਸੇ ਇਤਿਹਾਸਕਾਰ ਨੇ ਇਹ ਗੱਲ ਲਿਖ ਭੀ ਦਿਤੀ ਹੈ ਤਾਂ ਉਸ ਦਾ ਇਹ ਮਨ-ਉਕਤ ਢਕੌਂਸਲਾ ਹੀ ਹੋਵੇਗਾ। ਅਸੀਂ ਇਤਿਹਾਸ ਨੂੰ ਗੁਰਮਤਿ ਦੀ ਕਸੌਟੀ ਨਾਲ ਪਰਖ ਕੇ ਹੀ ਪਰਵਾਨ ਕਰਨਾ ਹੈ। ਇਹ ਗੁਰਦੇਵ ਅਤੇ ਚਾਟੜਿਆਂ ਦੇ ਗੁਰਿਡਿੰਭ-ਡਮ ਸਿਲਸਿਲੇ ਆਪ-ਮੁਹਾਰੇ ਹੀ ਚਲੇ। ਇਹ ਜਿਤਨੀਆਂ ਭਿੰਨ


www.AKJ.Org

ਭਿੰਨ ਸੰਪ੍ਰਦਾਈ ਪੱਧਤਾਈ ਸ਼੍ਰੇਣੀਆਂ ਹਨ। ਸਭ ਗੁਰਮਤਿ ਤੋਂ ਆਕੀ ਸ਼੍ਰੇਣੀਆਂ ਹਨ। ਬਹੁਤ ਸਾਰੀਆਂ ਸ਼੍ਰੇਣੀਆਂ ਤਾਂ ਲੋਕਾਚਾਰੀ ਚਲ ਪਈਆਂ, ਓਹਨਾਂ ਸ਼੍ਰੇਣੀਆਂ ਦੇ ਪ੍ਰਤੀਨਿਧਾਂ ਨੇ ਨਹੀਂ ਚਲਾਈਆਂ, ਐਵੇਂ ਪਿਛੋਂ ਅੱਲਾਂ ਪੈ ਗਈਆਂ। ਪਰ ਸਿਧ ਭਜਨੀਕ ਹਸਤੀਆਂ ਨੂੰ ਲੋਕੀਂ ਆਪ ਹੀ ਗੁਰ-ਡਿੰਭਤਾ ਦਾ ਛੱੜ ਚਮੇੜ ਦਿੰਦੇ ਹਨ। ਬੜੇ ਬੜੇ ਕੱਟਰ ਤੱਤ ਖ਼ਾਲਸੇ ਭੀ ਇਸ ਵਲੋ ਧੋਖਾ ਖਾ ਜਾਂਦੇ ਹਨ। ਅਸਾਡੇ ਸਾਹਮਣੇ ਅਜ ੩ ਫ਼ਰਵਰੀ ੧੯੩੯ ਦਾ 'ਖਾਲਸਾ ਸੇਵਕ' ਅਖ਼ਬਾਰ ਪਇਆ ਹੈ ਜਿਸ ਦੇ ਪੰਨੇ ੯ ਉਤੇ 'ਸਿਖ ਰਾਜ ਸਮੇਂ ਦੀ ਮਾਈ' ਦੇ ਸਿਰਲੇਖ ਵਾਲੇ ਲੇਖ ਅੰਦਰ ਚੌਥੇ ਪੈਰੇ ਦੀ ਮੁਢਲੀ ਸਤਰ ਵਿਚ ਸੰਪਾਦਕ ਜੀ ਨੇ ਲਿਖਿਆ ਹੈ—

"ਕਿ ਆਪ ਜੀ ਨੇ ਬਾਬਾ ਗਿਆਨ ਸਿੰਘ ਜੀ ਗਿਆਨੀ ਤੋਂ ਅੰਮ੍ਰਿਤ ਛਕਿਆ"।

ਦੇਖੋ, ਕੈਸੀ ਗੁਰਮਤਿ ਦੇ ਤੱਤ-ਅਸੂਲੋਂ ਗਿਰੀ ਹੋਈ ਗੱਲ ਲਿਖੀ ਹੈ। ਚਾਹੇ ਇਹ ਸਧਾਰਨ ਹੀ ਲਿਖੀ ਗਈ ਹੋਵੇਗੀ ਪਰ ਇਸ ਨੂੰ ਦੇਖ ਪੜ੍ਹ ਦੇ ਜਣਾ-ਕਣਾ ਸਾਧਾਰਨ ਆਦਮੀ ਇਹ ਧੋਖਾ ਖਾ ਜਾਂਦਾ ਹੈ ਕਿ ਇਕ ਇਕੱਲਾ ਆਦਮੀ ਹੀ ਅੰਮ੍ਰਿਤ ਛਕਾ ਸਕਦਾ ਹੈ।

ਭਾਈ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਪੂਰਨ ਗੁਰਮਤਿ ਮਰਯਾਦਾ ਪ੍ਰਸ਼ੋਤਮ ਸਨ। ਓਹਨਾਂ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ,ਪਰ ਅਕਸਰ ਲੋਗ ਬਹੁਤ ਸਿੱਖ ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ, "ਜੀ । ਮੈਂ ਭਾਈ ਸ਼ਾਮ ਸਿੰਘ ਜੀ ਤੋਂ ਅੰਮ੍ਰਿਤ ਛਕਿਆ।" ਭਾਈ ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾਂ ਨੂੰ ਭੀ ਕਿਸੇ ਤੋਂ ਹੱਥ ਨਹੀਂ ਲਵਾਇਆ ਸੀ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਬਤੀਤ ਕੀਤਾ। ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਪੁਜਾਰੀ ਸੇਵਕ ਸਿਖ ਬਣੇ ਰਹੇ, ਪਰ ਇਹ ਆਮ ਕਹਿਵਤ ਕਹੀ ਜਾਂਦੀ ਸੁਣੀ ਗਈ ਹੈ ਕਿ –ਫਲਾਣਾ ਸਿਖ ਸੰਤ ਸ਼ਾਮ ਸਿੰਘ ਦਾ ਚਾਟੜਾ ਹੈ। ਹਾਲਾਂਕਿ ਸੰਤ ਜੀ ਨੂੰ ਗੁਰੂ-ਡੰਮ ਦੀ ਕਦੇ ਭੀ ਚਾਟ ਨਹੀਂ ਲੱਗੀ; ਜਿਨ੍ਹਾਂ ਨੂੰ ਚਾਟ ਲੱਗੀ ਹੈ, ਉਹਨਾਂ ਪ੍ਰਥਾਇ ਤਾਂ ਕਿੰਨੀਆਂ ਕੁ ਕਹਿਵਤਾਂ ਪਰਚਲਤ ਹੋਈਆਂ ਹੋਣਗੀਆਂ।

ਸੋਲ੍ਹਾਂ ਸਾਲ ਦੀ ਜੇਲ੍ਹ-ਯਾਤ੍ਰਾ ਤੋਂ ਵਾਪਸ ਆਉਣ ਪਰ ਮੈਨੂੰ ਇਕ ਸਿੰਘ ਘਰ ਆ ਕੇ ਮਿਲਿਆ। ਉਹ ਐਉਂ ਗੱਲਾਂ ਕਰੇ ਜਿਵੇਂ ਮੇਰਾ ਚਿਰੋਕਣਾ ਜਾਣੂੰ ਹੁੰਦਾ ਹੈ, ਪਰ ਮੈਂ ਉਸ ਨੂੰ ਪਛਾਣਿਆਂ ਨਹੀਂ। ਜਦ ਜਾਣ ਪਛਾਣ ਕੱਢਣ ਲਈ ਮੈਂ ਉਸ ਤੋਂ ਪੁਛ ਗਿਛ ਕੀਤੀ ਤਾਂ ਉਸ ਆਖਿਆ "ਜੀ ਮੈਂ ਤੁਹਾਥੋਂ ਹੀ ਅੰਮ੍ਰਿਤ ਛਕਿਆ ਹੋਇਆ ਹੈ।"ਮੈਂ ਆਖਿਆ, ਕੁਝ ਅਕਲ ਦੀ ਗੱਲ ਕਰੋ। ਉਹ ਸਮਝ ਗਿਆ ਤੇ ਫੇਰ ਆਖਣ ਲੱਗਾ, "ਜੀ ਮੈਥੋਂ ਭੁੱਲ ਹੋ ਗਈ, ਮੈਂ ਤਾਂ ਆਖਣਾ ਸੀ (ਮੇਰਾ ਮਤਲਬ ਤਾਂ ਇਹ ਸੀ) ਕਿ ਤੁਹਾਡੇ ਜੱਥੇ ਤੋਂ ਹੀ ਅੰਮ੍ਰਿਤ ਛਕਿਆ ਹੈ।" ਮੈਂਬੋਲਿਆ-ਤੁਸੀਂ ਫੇਰ ਭੁੱਲ ਕਰਦੇ ਹੋ, ਮੇਰਾ ਜੱਥਾ ਕੀ । ਕਦੇ ਮੈਨੂੰ ਆਪ ਨੇ ਪੰਜਾਂ ਪਿਆਰਿਆ ਵਿਚ ਸ਼ਾਮਲ ਹੁੰਦਾ ਦੇਖਿਆ ਹੈ। ਉਸ ਠਠੰਬਰ ਕੇ ਆਖਿਆ- "ਜੀ । ਜਿਸ ਜੱਥੇ ਵਿਚ ਤੁਸੀਂ ਰਲ ਮਿਲ ਕੇ ਕੀਰਤਨ ਕਰਦੇ ਹੁੰਦੇ ਹੋ, ਮੇਰੀ ਉਸ ਆਖਣ ਤੋਂ ਹੀ ਇਹੀ ਮੁਰਾਦ ਹੈ।" ਇਹ ਗੱਲ ਪਕੀ ਸੀ ਕਿ ਜਦੋਂ ਉਸ ਨੇ ਅੰਮ੍ਰਿਤ ਛਕਿਆ ਸੀ ਤਾਂ ਮੈਂ ਓਦੋਂ ਪੰਜਾਂ ਪਿਆਰਿਆਂ ਵਿਚ ਭੀ ਨਹੀਂ ਸੀ ਸ਼ਾਮਲ ਹੋਇਆ। ਏਸੇਪਰਕਾਰ ਮੇਰੀ ਪਿੱਠ ਪਿਛੇ ਤਾਂ ਅਜਿਹੀਆਂ ਕਹਿਵਤਾਂ ਕਈ ਹੁੰਦੀਆਂ ਫਿਰਦੀਆਂ ਹੋਣਗੀਆਂ।

ਸਾਨੂੰ ਪੱਪਕ ਨਿਸਚਾ ਐ ਅਤੇ ਪੱਕੀਆਂ ਗਵਾਹੀਆਂ ਇਸ ਗੱਲ ਦੀਆਂ ਮਿਲਦੀਆਂ ਹਨ ਕਿ ਸੰਤ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ ਅਤੇ ਨਾ ਹੀ ਕਦੇ ਇਕੱਲਿਆਂ ਕਿਸੇ ਨੂੰ ਨਾਮ ਦਿਤਾ। ਇਹ ਜੋ ਗੱਲ ਪਰਚਲਤ ਹੈ ਕਿ ਬਾਬਾ ਰਾਮ ਸਿੰਘ ਜੀ ਭੈਣੀ ਵਾਲਿਆਂ ਨੇ ਬਾਬਾ ਬਾਲਕ ਸਿੰਘ ਜੀ ਪਾਸੋਂ ਨਾਮ ਗੁਰਮੰਤ੍ਰ ਲਇਆ, ਇਹ ਗੱਲ ਉੱਕੀ ਹੀ ਨਿਰਮੂਲ ਹੈ। ਹਾ । ਇਹ ਗੱਲ ਸੱਚ ਹੈ ਕਿ ਓਹਨਾਂ ਹਜ਼ਰੋ ਜਾ ਕੇ ਪੰਜਾਂ ਪਿਆਰਿਆਂ ਦੇ ਉਸ ਜਥੇ ਤੋਂ ਅੰਮ੍ਰਿਤ ਛਕਿਆ, ਜਿਨ੍ਹਾ ਪੰਜਾਂ ਪਿਆਰਿਆਂ ਵਿਚ ਸੰਤ ਬਾਲਕ ਸਿੰਘ ਜੀ ਭੀ ਸ਼ਾਮਲ ਸਨ। ਅਤੇ ਐਨ ਅੰਮ੍ਰਿਤ ਸਮਾਗਮ ਸਮੇਂ ਹੀ

(ਬਾਕੀ ਪੰਨਾ ੩੧ ਤੇ ...)



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਕਾਵਿ ਰਚਨਾ

(ਡਾ: ਸਰਬਜੋਤ ਕੌਰ ਜੀ)

ਡਾ: ਬਲਬੀਰ ਸਿੰਘ ਦਿਲ ਆਪਣੀ ਪੁਸਤਕ 'ਅਣਪਰਖੇ ਹੀਰੇ' ਵਿਚ ਲਿਖਦੇ ਹਨ "ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਧੁਨਿਕ ਯੁੱਗ ਦੇ ਮਹਾਨ ਰਹੱਸਵਾਦੀ, ਸੰਤ ਅਤੇ ਦੇਸ਼ ਭਗਤ ਹੋਣ ਤੋਂ ਉਪਰੰਤ ਗੁਰਮਤਿ ਦੇ ਗਿਆਤਾ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਤਾ ਸਨ।" ਪਰੰਤੂ ਸਾਹਿਤ ਖੋਜੀਆਂ ਨੇ ਆਪ ਜੀ ਦੀਆਂ ਘਾਲਾਂ ਦਾ ਮੁੱਲ ਨਹੀਂ ਪਾਇਆ। ਭਾਈ ਰਣਧੀਰ ਸਿੰਘ ਜੀ ਇਕ ਅਨੁਭਵੀ ਲੇਖਕ ਸਨ। ਕਵਿਤਾ ਅਤੇ ਵਾਰਤਕ ਦੀਆਂ ਕੁਲ ਮਿਲਾ ਕੇ ਆਪ ਦੀਆਂ 40 ਕੁ ਦੇ ਕਰੀਬ ਰਚਨਾਵਾਂ ਮਿਲਦੀਆਂ ਹਨ। ਇਹਨਾਂ ਪੁਸਤਕਾਂ ਵਿਚ ਉੱਚ ਭਾਵਾਂ ਨਾਲ ਸਮ੍ਰਿਧ ਵਿਚਾਰ ਪ੍ਰਗਟਾਏ ਗਏ ਹਨ ਜੋ ਅਨੁਭਵੀ ਪਾਠਕਾਂ ਨੂੰ ਹਲੂਣਕੇ, ਪ੍ਰੇਰਦੇ ਅਤੇ ਉਹਨਾਂ ਦੇ ਹਿਰਦੇ ਨੂੰ ਟੁੰਬਦੇ ਹਨ ਆਪ ਦੀਆਂ ਲਿਖਤਾਂ ਵਿਚਲੀਆਂ ਰਮਜ਼ਾਂ ਨੂੰ ਕੇਵਲ ਨਾਮ ਰਸੀਏ ਅਤੇ ਰੂਹਾਨੀ ਮੰਡਲਾਂ ਵਿਚ ਵਿਚਰਨ ਵਾਲੇ ਹੀ ਸਮਝ ਸਕਦੇ ਹਨ। ਸ਼ਾਇਦ ਇਸੇ ਲਈ ਸਾਹਿਤ ਖੋਜੀਆਂ ਦਾ ਧਿਆਨ ਆਪ ਦੀਆਂ ਰਚਨਾਵਾਂ ਵਲ ਨਹੀਂ ਗਿਆ। ਹੱਥਲੇ ਲੇਖ ਵਿਚ ਆਪ ਜੀ ਦੀਆਂ ਕਾਵਿ ਰਚਨਾਵਾਂ ਨਾਲ ਸੰਖੇਪ ਜਿਹੀ ਜਾਣਕਾਰੀ ਕਰਵਾਈ ਜਾ ਰਹੀ ਹੈ।

ਭਾਈ ਸਾਹਿਬ ਦੀਆਂ ਕਾਵਿ ਪੁਸਤਕਾਂ ਦੋ ਹਨ : 'ਜੋਤਿ ਵਿਗਾਸ' ਅਤੇ 'ਦਰਸ਼ਨ ਝਲਕਾਂ'। ਜੋਤਿ ਵਿਗਾਸ ਪੁਸਤਕ ਲਿਖਣ ਦੀ ਅੰਤਰ ਪ੍ਰੇਰਨਾ ਆਪ ਨੂੰ ਜੇਲ੍ਹ ਯਾਤਰਾ ਦੌਰਾਨ 1918 ਈ: ਵਿੱਚ ਮਿਲੀ ਸੀ। ਉਂਜ ਇਹ ਪੁਸਤਕ ਛਪੀ 1944 ਈ: ਵਿਚ ਸੀ। ਸੱਚੀ ਕਵਿਤਾ ਰਚੀ ਨਹੀਂ ਜਾਂਦੀ ਸਗੋਂ ਅਨੁਭਵੀ ਕਵੀ ਦੇ ਅੰਦਰੋਂ ਇਹ ਚਸ਼ਮੇ ਵਾਂਗ ਫੁੱਟਦੀ ਹੈ। ਫਿਰ ਲਿਖਣ ਦੀ ਤੜਪ ਪ੍ਰਬਲਤਾ ਦੀਆਂ ਸਿਖਰਾਂ ਨੂੰ ਛੋਹਣ ਲੱਗ ਪੈਂਦੀ ਹੈ। ਜੋਤਿ ਵਿਗਾਸ ਦੀ ਕਵਿਤਾ ਦੇ ਆਵੇਸ਼ ਬਾਰੇ ਆਪ ਲਿਖਦੇ ਹਨ :

ਹੁਣ ਮੈਨੂੰ ਲਿਖਣ ਲਈ ਕਾਗਜ਼ ਕਿਰਤਾਸ ਨ ਲਝੇ। ਵਲਾ ਕਾਗਜ਼ ਕਿੱਥੇ ?ਏਥੇ ਚਾਕੀ ਦਾ ਚਿਥੜਾ ਭੀ ਨਹੀਂ ਸੀ ਕੋਈ ਰਹਿਣ ਦਿੰਦਾ। ਓਧਰੋਂ ਵੇਗ ਆਈ ਜਾਵੇ.... ਓੜਕ ਮੈਨੂੰ ਇਹ ਸੁਝਣੀ ਸੁਝੀ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੋਥੀ ਮੇਰੇ ਪਾਸ ਪਈ ਹੈ। ਉਸ ਦੇ ਪਤਰਿਆਂ ਦੀ ਛਪੀ ਲਿਖਤ ਉਦਾਲੇ ਚਾਰ ਚੌਫੇਰੇ ਪਾਸੇ ਚਉੜੇ ਖਾਲੀ ਹਾਸ਼ੀਏ ਛੱਡੇ ਹੋਇ ਹਨ, ਉਹਨਾਂ ਉੱਤੇ ਇਸ ਕਵਿਤਾ ਨੂੰ ਉਤਾਰਨਾ ਆਰੰਭ ਕਰ ਦੇਹ । ਬੱਸ, ਗੱਲ ਕੀ, ਮੈਂ ਪੈਨਸਲ ਫੜ ਕੇ ਅਤੇ ਪੋਥੀ ਲੈ ਕੇ ਉਤਾਰਨ ਲੱਗ ਪਇਆ। ਕਵਿਤਾ ਉਤਰੀ ਜਾਏ, ਮੈਂ ਦਬਾਦਬ ਲਿਖੀ ਜਾਵਾਂ। ਬੜੀ ਰਾਤ ਭਰ ਤਕ ਮੇਰੇ ਸਨਮੁਖ ਲਾਲਟੈਨ ਜਗਦੀ ਹੀ ਰਹਿੰਦੀ ਸੀ। ਆਤਮ ਲਿਵ ਰੰਗਾਂ ਵਿੱਚ ਦਰਸ ਵੈਰਾਗ ਤਰੰਗਾਂ ਵਿੱਚ ਜਿਉਂ ਲਿਖਣ ਬੈਠਾ ਕਿ ਸੱਤ ਦਿਨ ਸੱਤ ਰਾਤਾਂ ਲਗਾਤਾਰ ਲਿਖੀ ਹੀ ਗਇਆ, ਵੇਗ ਠਲ੍ਹੇ ਨਾ ਅਤੇ ਮੈਂ ਲਿਖਣੋਂ ਨਾ ਹਟਾਂ।

ਇਹ ਰਚਨਾ ਸੱਤ ਦਿਨਾਂ ਵਿੱਚ ਸੰਪੂਰਨ ਹੋਈ ਰਚਨਾ ਹੈ। ਇਸ ਵਿਚਲਾ ਅਨੁਭਵ ਇਹ ਦੱਸਦਾ ਹੈ ਕਿ ਇਸ ਦਾ ਲੇਖਕ ਇਸ ਨੂੰ ਪਰਗਟ ਕਰਨ ਤੋਂ ਪਹਿਲਾਂ ਕਈ ਆਤਮਿਕ ਰੰਗ ਵੇਖ ਚੁੱਕਾ ਸੀ। ਵਿਛੋੜੇ ਦੀਆ ਕਸਕਾਂ, ਮਿਲਣ ਦੀ ਲੋਚਾ, ਉਡੀਕਾਂ ਤੇ ਉਦਰੇਵੇਂ, ਤਾਂਘਾਂ ਦੀਆਂ ਸਾਂਗਾਂ, ਜੇ ਇਸ ਕਵਿਤਾ ਦੇ ਰਚਨਹਾਰ ਹੀ ਆਤਮਿਕ-ਅਵਸਥਾ ਦਾ ਕਰੁਣਾਮਈ ਪੱਖ ਦਰਸਾਉਂਦੀਆਂ ਹਨ ਤਾਂ ਪੀਆ ਦਾ ਮਿਲਾਪ, ਦਰਸਨ ਤੇ ਪਰਸਨ 'ਚੋਂ ਉਪਜੀ ਸਰਸਨ ਹਰਸਨ ਵਾਲੀ ਅਵਸਥਾ, ਨਾਭੀ ਕਮਲ ਦਾ ਖਿੜਨਾ, ਜੋਤਿ ਦਾ ਪ੍ਰਕਾਸ਼, ਦਸਮ ਦੁਆਰਾ ਦੀ ਖੇਡ, ਅਨਹਤ ਸ਼ਬਦਾਂ ਦੀ ਝੁਣਕਾਰ ਤੇ ਪਰਮ-ਆਨੰਦ ਦੀ ਪਰਾਪਤੀ ਇਸ ਆਤਮਾ ਦਾ ਚਾਨਣਾ ਪੱਖ ਦਰਸਾਉਣ ਵਿੱਚ ਪੂਰਨ ਭਾਂਤ ਸਫਲ ਹਨ। ਆਪ ਦੇ ਦਿਲ ਵਿਚ ਕਲਗੀਆਂ ਵਾਲੇ ਦੇ ਦਰਸ-ਮਿਲਾਪ ਲਈ ਅਤਿ ਦੀ ਬਿਹਬਲਤਾ ਸੀ। ਸਾਰੀ ਰਚਨਾ ਦੀ ਮੂਲ ਪ੍ਰੇਰਨਾ ਇਸ ਭਾਵ ਨੇ ਕੀਤੀ ਹੈ :-

ਆਵੀਂ ਢੋਲਾ ਦਰਸ ਵਿਖਾਵੀਂ, ਪਾਵੀਂ ਠੰਡ ਕਲੇਜੇ ਨੂੰ।<br>
ਆਵੀਂ ਸੱਜਣਾ, ਡੇਰ ਨਾ ਲਾਵੀਂ, ਹੋਰ ਮੇਰੇ ਤਰਸੇਜੇ ਨੂੰ।<br>
ਆਵੀਂ ਹੋਰ ਨ ਹੁਣ ਦਰਸਾਵੀਂ, ਚਿਰ ਹੋਇਆ ਦਰਸੇਜੇ ਨੂੰ।<br>
ਆਵੀਂ, ਆ ਕੇ ਫੇਰ ਨ ਜਾਵੀਂ, ਰੋਸ਼ਨ ਕਰਿ, ਅੰਫਨੇਜੇ ਨੂੰ। (ਜੋਤਿ ਵਿਗਾਸ਼,ਕਾਫੀ, ਪੰਨਾ.1)


www.AKJ.Org

ਭਾਵੇਂ ਇਹ ਰਚਨਾਂ ਮਹਾਂ ਕਾਵਿ ਨਹੀਂ ਪਰ ਇਸ ਵਿੱਚ ਬਲਵਾਨ ਅਨੁਭਵ ਦੀ ਭਰਪੂਰਤਾ ਅਤੇ ਅਨੇਕ ਪੱਖੀ ਵਿਸ਼ਿਆਂ ਦੀ ਹੋਂਦ ਇਸ ਨੂੰ ਮਹਾਂਕਾਵਿ ਵਾਂਗ ਹੀ ਕਦਰ-ਯੋਗ ਬਣਾ ਦੇਂਦੀ ਹੈ।

'ਦਰਸ਼ਨ ਝਲਕਾਂ' ਛੋਟੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਹੈ। ਜੇਲ੍ਹ ਯਾਤਰਾ ਸਮਾਪਤ ਕਰਨ ਪਿਛੋਂ ਭਾਈ ਸਾਹਿਬ ਨੇ ਸੱਤਾ ਸਾਲਾ ਵਿੱਚ ਭਾਰਤ ਦਾ ਦੌਰਾ ਕਰਕੇ ਬਹੁਤ ਸਾਰੇ ਗੁਰਦੁਆਰਿਆ ਦੇ ਦਰਸ਼ਨ ਕੀਤੇ। 'ਦਰਸ਼ਨ ਝਲਕਾਂ' ਦੀਆਂ ਕਵਿਤਾਵਾਂ ਵਿੱਚ ਆਪ ਨੇ ਗੁਰਦੁਆਰਿਆਂ ਅੰਦਰ ਗੁਰੂ ਦੇ ਸਾਂਗੋਪਾਂਗ ਹੋਏ ਦਰਸ਼ਨਾਂ ਦਾ ਵਰਣਨ ਕੀਤਾ ਹੈ। ਕਲਗੀਧਰ ਜੀ ਦੇ ਪ੍ਰਤੱਖ ਦਰਸ਼ਨਾਂ ਦਾ ਵਰਣਨ ਕਰਦਿਆਂ ਆਪ ਆਪਣੇ ਹਿਰਦੇ ਦੀ ਬਿਹਬਲਤਾ ਨੂੰ ਇਸ ਪ੍ਰਕਾਰ ਦਰਸਾਉਂਦੇ ਹਨ :

ਤੱਕੜੀ ਤੁਲਾਇ ਲਵਾਂ, ਜਿੰਦੜੀ ਵਿਕਾਇ ਲਵਾਂ, ਮੁਲੜੀ ਮੁਲਾਇ ਲਵਾਂ, ਪੰਨਖ ਪੰਖੀਰ ਨੂੰ।
ਖੰਭੜੇ ਘਿਨਾਇ ਲਵਾਂ, ਤਨ ਤੇ ਜੜਾਇ ਲਵਾਂ, ਸੱਜਣ ਟੁਲਾਇ ਲਵਾਂ, ਕਰ ਤਦਬੀਰ ਨੂੰ।
ਲੱਭ ਕੇ ਲੁਭਾਇ ਲਵਾਂ, ਡਬੜੀ ਵਿਚ ਪਾਇ ਲਵਾਂ, ਢਕ ਕੇ ਛਿਪਾਇ ਲਵਾਂ, ਲਾਲ ਮਣੀ ਹੀਰ ਨੂੰ।
ਸੇਜੜੀ ਵਿਛਾਇ ਲਵਾਂ, ਸੀਨੜੇ ਸੰਵਾਇ ਲਵਾਂ, ਏਵ ਉਤਰਾਇ ਲਵਾਂ, ਤੇਰੀ ਤਸਵੀਰ ਨੂੰ।
(ਕਲਗੀਧਰ ਜੀ ਦੇ ਪ੍ਰਤੱਖ ਦਰਸ਼ਨ, ਪੰਨਾ 41-48)

ਗੁਰੂ ਨਾਨਕ ਦਰਸ ਹੁਲਾਸੜੀਆਂ ਪ੍ਰਾਪਤ ਕਰਦਿਆਂ ਹੋਇਆਂ ਹਿਰਦੇ ਅੰਦਰ ਪੈਦਾ ਹੋਈ ਠੰਢ ਪਾਉਣਹਾਰੀ ਕੰਬਣੀ ਨੂੰ ਆਪ ਨੇ ਇਸ ਪ੍ਰਕਾਰ ਅੰਕਿਤ ਕੀਤਾ :

ਟੁਲਿ ਟੁਲਿ ਪੁਲਕਤ ਉਮਗਿ ਉਮਗਿ ਰਸ, ਅਜਰ ਜਰਨ ਜੀਉਰਨ ਜੀਉਰਾਏ ਹੈਂ।
ਜੀਉਰ ਜੀਉਰ ਰਸ ਪੀਉ ਪੀਉ ਖੀਉ ਖੀਉ, ਖਿਰਨਿ ਖਿਰਨਿ ਖੀਉਰਨ ਖਿਉਰਾਏ ਹੈਂ।
ਖੀਉਰਿ ਖਿਉਰਿ ਰਸ ਖਿਰਿ ਖਿਰਿ ਬਿਸਮਤ, ਬਿਸਮਿ ਬਿਸਮਿ ਵਿਗਸਤ ਵਿਕਸਾਏ ਹੈਂ।
ਵਿਗਸਿ ਵਿਗਸਿ ਜੋਤਿ-ਰਸ ਲਿਵ ਲੀਨ ਭਈ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ।
(ਗੁਰੂ ਨਾਨਕ ਦਰਸ ਹੁਲਾਸੜੀਆਂ -ਪੰਨਾ 75)

ਪੰਜਾਬੀ ਕਾਵਿ ਸੰਸਾਰ ਵਿੱਚ ਅਨੁਭਵੀ ਰੰਗ ਵਿੱਚ ਰੰਗੇ ਹੋਏ ਦੋ ਹੀ ਕਵੀ ਹਨ : ਭਾਈ ਵੀਰ ਸਿੰਘ ਅਤੇ ਭਾਈ ਰਣਧੀਰ ਸਿੰਘ। ਪਰ ਦੋਹਾਂ ਦਾ ਅਨੁਭਵ ਆਪੋ ਆਪਣਾ ਹੈ। ਜੇ ਡਾ: ਭਾਈ ਵੀਰ ਸਿੰਘ ਸਿੱਖੀ ਮੰਡਲਾਂ ਤੋਂ ਬਾਹਰਲੇ ਅਰਸ਼ਾਂ ਵਿਚ ਹੀ ਉਡਾਰੀਆਂ ਮਾਰ ਆਉਂਦੇ ਹਨ ਤਾਂ ਭਾਈ ਰਣਧੀਰ ਸਿੰਘ ਗੁਰਮਤਿ ਦੀਆਂ ਹੱਦਾਂ ਅੰਦਰ ਹੀ ਰਹਿੰਦੇ ਹਨ। ਇਕ ਵਿਚ ਫੈਲਾਉ ਹੈ ਤਾਂ ਦੂਜੇ ਵਿੱਚ ਇਕਾਗਰਤਾ ਤੇ ਇਕਸਾਰਤ। ਪਹਿਲੇ ਵਿੱਚ ਕਲਪਨਾ ਦੀ ਰੰਗੀਨੀ ਬਹੁਤ ਹੈ। ਦੂਜੇ ਵਿੱਚ ਭਾਵਾਂ ਦੀ ਗਰਮੀ ਹੈਰਾਨ ਕਰਨ ਵਾਲੀ ਹੈ। ਕਾਵਿਕ ਗੁਣਾਂ ਦੇ ਪੱਖ ਤੋਂ ਬੇਸ਼ਕ ਡਾ: ਭਾਈ ਵੀਰ ਸਿੰਘ ਦੀ ਕਵਿਤਾ ਵਧੇਰੇ ਸੁਹਜ ਸੁਆਦ ਪ੍ਰਦਾਨ ਕਰਦੀ ਹੈ ਪਰ ਜਿਥੋਂ ਤਕ ਸਿੱਖ ਧਰਮ ਅਤੇ ਗੁਰਮਤਿ ਦੇ ਰਹੱਸਵਾਦ ਦਾ ਸੰਬੰਧ ਹੈ ਭਾਈ ਰਣਧੀਰ ਸਿੰਘ ਦੀ ਕਵਿਤਾ ਉਚੇਰੇ ਧਿਆਨ ਦੀ ਪਾਤਰ ਹੈ। ਡਾ: ਬਲਬੀਰ ਸਿੰਘ ਦਿਲ ਲਿਖਦੇ ਹਨ ਸਿੱਖ ਅਤੇ ਗੁਰੂ ਦੇ ਇਸ਼ਕ ਨੂੰ ਭਾਈ ਨੰਦ ਲਾਲ ਤੋਂ ਪਿਛੋਂ ਭਾਈ ਰਣਧੀਰ ਸਿੰਘ ਨੇ ਜਿਸ ਹੂਕ ਨਾਲ 'ਜੋਤਿ ਵਿਗਾਸ' ਅਤੇ 'ਦਰਸ਼ਨ ਝਲਕਾਂ' ਰਾਹੀਂ ਗਾਇਆ ਹੈ, ਇਹ ਕੇਵਲ ਉਹਨਾਂ ਦੇ ਹੀ ਹਿੱਸੇ ਆਇਆ ਹੈ।

ਗਿਆਨੀ ਗੁਰਦਿੱਤ ਸਿੰਘ ਜੀ ਦੇ ਸ਼ਬਦਾਂ ਵਿਚ, "ਭਾਈ ਸਾਹਿਬ ਦੀ ਕਵਿਤਾ ਆਪਣੇ ਅਲਬੇਲੇ ਰੰਗ ਦੀ ਹੈ। ਕੁਝ ਕਵਿਤਾਵਾ ਵਿੱਚ ਉਹ ਤੜਪ ਅਤੇ ਉਹ ਲਿਲਕ, ਫਿਰ ਪ੍ਰਾਪਤੀ ਦੇ ਉਹ ਦਰਸ਼ਨ ਝਲਕੇ ਹਨ ਜਿਸ ਜਿਹੇ ਪੰਜਾਬੀ ਸਾਹਿਤ ਵਿੱਚ ਇਸ ਤੋਂ ਪਹਿਲਾ ਕਿਸੇ ਨੇ ਰੂਪਮਾਨ ਨਹੀਂ ਕੀਤੇ। ਅਰੂਪ ਦੇਸ਼ ਦੀਆਂ ਦਰਸ਼ਨ ਝਲਕਾਂ ਦੀਆਂ ਬਿਜਲੀਆਂ ਦੇ ਚਮਕਾਰੇ ਜਿਵੇਂ ਆਪ ਦੀ ਕਵਿਤਾ ਵਿੱਚ ਵੱਜਦੇ ਹਨ, ਗੁਰਬਾਣੀ ਬਿਨਾ ਹੋਰ ਕਿਸੇ ਰਚਨਾ ਵਿਚੋਂ ਨਹੀਂ ਮਿਲਦੇ।

"ਮਜ਼ੇ ਦੀ ਗੱਲ ਇਹ ਹੈ, ਉਹ ਆਪਣੀ ਅਲਬੇਲੀ ਤੇ ਲਟਕਾਂ ਭਰੀ ਗੁਰਮੁਖੀ (ਪੰਜਾਬੀ) ਬੋਲੀ ਵਿੱਚ ਪਿੰਗਲ ਦੇ ਕਾਵਿ-ਛੰਦਾਂ ਦੀ ਬੰਦਸ਼ ਵੀ ਸਹਿਜ ਨਿਭਾਉਂਦੇ ਚਲੇ ਗਏ ਹਨ। ਕੌਣ ਕਹੇ ਇਹ ਵਲਵਲੇ ਦੀ ਕਵਿਤਾ ਹੈ ਜਾਂ ਬੁਧੀ ਮੰਡਲ ਦੀ ? ਏਥੇ ਤਾਂ ਵਿਦੇਹ ਜਜ਼ਬਿਆਂ ਵਿੱਚ ਨਿਜੀ ਅਨੁਭਵ ਦੀ ਰੰਗਤ ਰਲ ਜਾਣ ਕਰਕੇ ਵੱਖਰੀ ਕਿਸਮ ਦੀ ਹੀ ਲਹਿਰੀਏਦਾਰ ਚੀਜ਼ ਚਮਕਦੀ ਮਹਿਸੂਸ ਹੁੰਦੀ ਹੈ। ■■■■


www.AKJ.Org

# ਗੁਰੂ ਅਰਜਨ ਵਿਟਹੁ ਕੁਰਬਾਣੀ

(ਡਾ: ਕੁਲਦੀਪ ਕੌਰ ਮੋਹਾਲੀ)

ਭਾਈ ਵੀਰ ਸਿੰਘ ਜੀ ਅਨੁਸਾਰ 'ਕੁਰਬਾਣ' ਅਰਬੀ ਦਾ ਸ਼ਬਦ ਹੈ। ਇਸਦਾ ਭਾਵ ਹੈ ਉਹ ਸ਼ੈ ਜੋ ਰੱਬ ਦੇ ਰਸਤੇ ਸਦਕੇ ਕੀਤੀ ਜਾਵੇ ਇਸ ਲਈ ਕਿ ਰੱਬ ਦੀ ਨਜ਼ਦੀਕੀ ਮਿਲੇ। ਪੰਜਾਬੀ ਵਿਚ ਇਹ ਪਦ ਵਾਰਨੇ ਜਾਣ ਲਈ ਵਰਤਿਆ ਗਿਆ ਹੈ। ਵਾਰਨੇ ਜਾਣਾ, ਬਲਿਹਾਰ ਹੋਣਾ, ਵਾਰ ਸੁੱਟਣਾ, ਸਦਕੇ ਹੋਣਾ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ (ਨਾਭਾ) ਨੇ ਅਰਬੀ ਸ਼ਬਦ ਕੁਰਬਾਨ ਨੂੰ ਉਹ ਕ੍ਰਿਯਾ ਮੰਨਿਆ ਹੈ ਜਿਸ ਤੋਂ ਕੁਰਬ (ਨੇੜੇ) ਹੋਈਏ। ਕੁਰਬਾਨ ਹੋਣ ਜਾਂ ਕੁਰਬਾਨੀ ਦੇਣ ਦਾ ਭਾਵ ਹੈ ਨਿਛਾਵਰ ਹੋਣਾ, ਆਪਾ ਵਾਰਨਾ, ਵਾਰੇ ਵਾਰੇ ਜਾਣਾ।

ਪਾਵਨ ਪਵਿਤ੍ਰ ਵਿਅਕਤੀ ਵਿਸ਼ੇਸ਼ ਦਾ ਉਹ ਮਹਾਨ ਕਰਤੱਵ ਜਿਸ ਨੂੰ ਵੇਖ ਕੇ ਸੱਚ ਦੇ ਨੇੜੇ ਜਾਣ ਦੀ ਪ੍ਰੇਰਨਾ ਮਿਲੇ ਅਤੇ ਪ੍ਰਭੂ ਪ੍ਰੀਤ ਦਾ ਸੋਮਾ ਵਗ ਟੁਰੇ, ਉਸ ਤੋਂ ਵਾਰਨੇ ਜਾਣ ਨੂੰ ਜੀਅ ਕਰਦਾ ਹੈ। ਉਸ ਤੋਂ ਬਲਿਹਾਰ ਹੋਣ ਦਾ ਚਾਅ ਉਪਜਦਾ ਹੈ। ਕਾਦਰਿ ਕੁਦਰਤ ਦੇ ਅਨੋਖੇ ਰੰਗ ਵਿਸਮਾਦ ਉਪਜਾਉਂਦੇ ਹਨ। ਵਿਸਮਾਦ ਅਵਸਥਾ ਵਿਚ ਲੀਨ ਵਿਅਕਤੀ ਬਲਿਹਾਰ ਜਾਂਦਾ ਹੈ, ਸਦਕੇ ਹੁੰਦਾ ਹੈ ਕਿਉਂਕਿ "ਬਲਿਹਾਰੀ ਕੁਦਰਤ ਵਸਿਆ" ਅਗੇ ਸੀਸ ਆਪਣੇ ਆਪ ਝੁਕ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਦੀ ਬਖ਼ਸ਼ਿਸ਼, ਗੁਰੂ ਤੋਂ ਬਲਿਹਾਰ ਜਾਣ ਦੀ ਭਾਵਨਾ ਪੈਦਾ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਿੰਨਾ ਸੁੰਦਰ ਕਥਨ ਹੈ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ਆਸਾ ਦੀ ਵਾਰ, (ਪੰਨਾ- ੪੬੨)

ਮਾਣਸ ਤੋਂ ਦੇਵਤੇ ਬਣਾਉਣ ਵਾਲੇ ਗੁਰੂ ਤੋਂ ਬਲਿਹਾਰ ਤਾਂ ਜਾਣਾ ਹੀ ਹੋਇਆ, ਪਰ ਸਿੱਖ ਦਾ ਹਿਰਦਾ ਪ੍ਰੇਮ ਵਿਚ ਇਸ ਤਰ੍ਹਾਂ ਭਿੱਜਾ ਹੁੰਦਾ ਹੈ ਕਿ ਉਹ ਉਸ ਵੇਲੇ ਤੋਂ ਵੀ ਕੁਰਬਾਨ ਜਾਂਦਾ ਹੈ ਜਿਸ ਵੇਲੇ ਉਹ ਗੁਰੂ ਦੇ ਦੁਆਰੇ ਦਰਸ਼ਨਾਂ ਲਈ ਪਹੁੰਚਦਾ ਹੈ :

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ॥ (ਪੰਨਾ ੭੪੯)

ਗੁਰੂ ਦੁਆਰੇ ਜਾ ਕੇ, ਮਨ ਰੂਪੀ ਭਾਂਡਾ ਧੋਤਾ ਜਾਂਦਾ ਹੈ। 'ਹੱਛਾ' ਹੋ ਜਾਣ ਤੇ ਇਸ ਵਿਚ ਗੁਰ ਸ਼ਬਦ, ਗੁਰਮੰਤ੍ਰ, ਨਾਮ ਰੂਪੀ ਤੱਤ ਵਸਤੂ ਸਮੋਈ ਜਾਂਦੀ ਹੈ। ਨਾਮ ਅਭਿਆਸ ਕਮਾਈਆਂ ਵਾਲਾ ਹੀ ਪ੍ਰਭੂ ਦੀ ਨਿਕਟਤਾ ਹਾਸਲ ਕਰਦਾ ਹੈ; ਇਸ ਲਈ ਗੁਰਸਿਖ ਨਾਮ ਤੋਂ ਕੁਰਬਾਣ ਜਾਂਦਾ ਹੈ। ਨਾਮ ਰੂਪੀ ਜਹਾਜ਼ ਵਿਚ ਸਵਾਰ ਹੋ ਕੇ ਹੀ ਸੱਚੇ ਦੀ ਸੱਚੀ ਦਰਗਾਹ ਤੱਕ ਪਹੁੰਚ ਹੋ ਸਕਦੀ ਹੈ, ਸੋ ਉਹ ਸਹਿਜ ਸੁਭਾ ਹੀ ਪੁਕਾਰ ਉਠਦਾ ਹੈ :

ਹਉ ਕੁਰਬਾਨੁ ਜਾਈ ਤੇਰੇ ਨਾਵੈ॥
ਜਿਸਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ॥ (ਪੰਨਾ ੬੨੯)

ਨਾਮ ਤੋਂ ਕੁਰਬਾਣ ਹੋਣ ਵਾਲਾ ਨਾਮ ਲੈਣ ਵਾਲਿਆਂ ਤੋਂ ਸਦਕੇ ਹੋਵੇਗਾ ਹੀ। ਜੋ ਗੁਰਸਿਖ ਨਾਮ ਰੰਗ ਰੰਗੇ ਰਹਿੰਦੇ ਹਨ ਉਨ੍ਹਾਂ ਦੇ ਦਰਸ਼ਨਾਂ ਦੀ ਝਲਕ ਹੀ ਅਨੋਖੀ ਖਿੱਚ ਵਾਲੀ ਹੁੰਦੀ ਹੈ ਜਿਸਤੋਂ ਸਦਕੇ ਜਾਣ ਦੀ ਲੋਚਾ ਸਹਿਜੇ ਹੀ ਉਪਜ ਪੈਂਦੀ ਹੈ:

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥ (ਪੰਨਾ ੭੨੨)

ਵਾਰਨੇ, ਸਦਕੇ, ਬਲਿਹਾਰੀ ਤੇ ਕੁਰਬਾਨੈ ਜਾਣ ਦਾ ਇਹ ਵਲਵਲਾ ਇਸ ਤੋਂ ਅਗਲੇ ਪੜਾਅ ਤੇ ਪਹੁੰਚਕੇ ਨਵਾਂ ਰੂਪ ਧਾਰਦਾ ਹੈ, ਵਾਰਨੇ ਜਾਣਾ ਕੇਵਲ ਮਨ ਦੀ ਅਵਸਥਾ ਨਹੀਂ ਰਹਿੰਦੀ ਸਗੋਂ ਸਦਕੇ ਹੋਣ ਦਾ ਇਹ ਵਲਵਲਾ ਅਨੋਖੇ ਆਤਮ ਬਲ ਦੀ ਧਾਰਨੀਯ ਹੋਕੇ ਆਪਣੀ ਦੇਹ ਨੂੰ, ਪੰਚ ਭੌਤਿਕ ਸਰੀਰ ਨੂੰ ਹੀ ਸਦਕੇ ਕਰ ਦੇਣ ਲਈ ਤਿਆਰ ਹੋ ਜਾਂਦਾ ਹੈ। ਸਦਕੇ ਹੋਣ ਦੀ ਭਾਵਨਾ ਵਿਚੋਂ 'ਕੁਰਬਾਨੀ' ਪੈਦਾ ਹੁੰਦੀ ਹੈ। ਸੱਚ


www.AKJ.Org

ਮਾਰਗ ਤੇ ਚਲਦਿਆਂ ਮਹਾਨ ਤੇ ਉਚੇਰੇ ਆਦਰਸ਼ ਲਈ ਆਪਾ ਵਾਰਨਾ ਹੀ 'ਕੁਰਬਾਨੀ' ਅਖਵਾਉਂਦਾ ਹੈ। ਕੁਰਬਾਨੀ ਦਾ ਜਜ਼ਬਾ ਸ਼ਹੀਦੀ ਦਾ ਮੂਲ ਸਰੋਤ ਹੈ। ਸਭ ਤੋਂ ਉਚੇ ਨਾਲ ਜੁੜੀ ਆਤਮਾ ਉਚ ਆਦਰਸ਼ ਦੀ ਪੂਰਤੀ ਲਈ 'ਉਚੇ' ਤੋਂ ਪ੍ਰਾਪਤ ਸਭ ਕੁਝ ਤਿਆਗ ਦੇਣ ਲਈ ਤਿਆਰ ਹੁੰਦੀ ਹੈ। ਪ੍ਰੇਮ ਸਿਖ਼ਰ ਤੇ ਪੁੱਜ ਜਾਵੇ ਤਾਂ ਉਚ ਆਦਰਸ਼ ਦੀ ਪੂਰਤੀ ਲਈ ਮਹਾਨ ਆਤਮਾਵਾਂ ਸਰੀਰ ਤਿਆਗ ਦੇਣ ਲਈ ਤਿਆਰ ਹੋ ਜਾਂਦੀਆਂ ਹਨ। ਪੰਚ ਭੌਤਿਕ ਦੇਹ ਦੀ ਆਹੂਤੀ ਉਨ੍ਹਾਂ ਲਈ ਸਾਧਾਰਣ ਕ੍ਰਿਆ ਹੁੰਦੀ ਹੈ। ਅਜਿਹੀ ਕੁਰਬਾਨੀ ਨੂੰ ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ। 'ਸ਼ਹਾਦਤ' ਫ਼ਾਰਸੀ ਦਾ ਸ਼ਬਦ ਹੈ ਜਿਸਦਾ ਭਾਵ ਹੈ 'ਗਵਾਹੀ'। ਸੱਚ-ਆਦਰਸ਼ ਲਈ ਗਵਾਹੀ ਦੇਣ ਵਾਲਾ ਜਦੋਂ ਆਪਾ ਵਾਰਦਾ ਹੈ ਤਾਂ ਸ਼ਹੀਦ ਅਖਵਾਉਂਦਾ ਹੈ। ਧਰਮ ਖੇਤ੍ਰ ਵਿਚ ਅਜਿਹਾ ਮਹਾਂ ਪੁਰਸ਼ ਹੀ ਸ੍ਰੇਸ਼ਟਤਮ ਪਦ ਨੂੰ ਪ੍ਰਾਪਤ ਹੁੰਦਾ ਹੈ।

ਬਾਣੀ ਦੇ ਬੋਹਿਥ, ਨਾਮ-ਰਸ-ਰਤੇ, ਸੇਵਾ ਸਿਮਰਨ ਵਿਚ ਲਿਵਲੀਨ, ਮਹਾਨ ਤਿਆਗੀ, ਮਹਾਨ ਤਪੱਸਵੀ, ਨਿਮ੍ਰਤਾ, ਮਿਠਤ, ਪਰਉਪਕਾਰ ਤੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਲਾਸਾਨੀ ਕ੍ਰਿਆਵਾਂ ਅਤੇ ਅਦੁੱਤੀ ਸ਼ਹਾਦਤ ਨੂੰ, ਆਪ ਜੀ ਦੇ ਪੂਰਨ ਗੁਰਸਿੱਖ, ਸਹਿਪਾਠੀ ਮਿਤ੍ਰ ਭਾਈ ਗੁਰਦਸ ਜੀ ਜਿਨ੍ਹਾਂ ਨੇ ਨਿਕਟੀ ਹੋ ਕੇ ਸਭ ਕੁਝ ਵੇਖਿਆ ਸੀ, ਬੜੇ ਵਲਵਲੇ ਵਿਚ ਆ ਕੇ ਲਿਖਦੇ ਹਨ।

ਰਹਿੰਦੇ ਗੁਰ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ॥
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
ਸਬਦ ਸੁਰਤਿ ਲਿਵ ਮਿਰਗ ਜਿਉਂ, ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉਂ, ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮ ਰਸੁ, ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰੁ ਅਰਜਨ ਵਿਟਹੁ ਕੁਰਬਾਣੀ। (ਵਾਰ ੨੪, ਪਉੜੀ- ੨੩)

ਮੱਛੀ, ਪਤੰਗ, ਮਿਰਗ, ਭਵਰ ਆਦਿ ਦੇ ਦ੍ਰਿਸ਼ਟਾਂਤ ਦੇ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਾਮ ਲਿਵਲੀਨਤਾ ਅਤੇ ਪ੍ਰੇਮ ਭਾਵਨਾ ਦਾ ਸ਼ਿਖ਼ਰ ਦਰਸਾਇਆ ਗਿਆ ਹੈ। ਮਨ ਅਤੇ ਮੁਖ ਵਿਚ ਗੁਰ ਉਪਦੇਸ਼ ਦਾ ਵਾਸਾ ਬਾਬੀਹੇ ਦੀ ਪੁਕਾਰ ਵਰਗਾ ਹੈ। ਇਹ ਪੁਕਾਰ ਵਿਲਕਣੀ ਦਾ ਰੂਪ ਹੁੰਦੀ ਹੈ। ਇਹ ਵਿਲਕਣੀ ਪ੍ਰਭੂ ਨਾਲ ਅਭੇਦਤਾ ਦੀ ਅਵਸਥਾ ਤੱਕ ਪਹੁੰਚਾ ਦੇਂਦੀ ਹੈ। ਫਿਰ ਨਾਮ ਤੇ ਨਾਮੀ ਪ੍ਰਭੂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਅਜਿਹੇ ਪ੍ਰਭੂ ਭਗਤ ਤੋਂ ਕੁਰਬਾਣ ਕਿਵੇਂ ਨਾ ਹੋਇਆ ਜਾਵੇ ।

ਜੋ ਪ੍ਰਭੂ ਨਾਲ ਇਕ ਰੂਪ ਹੋਇਆ, ਪ੍ਰਭੂ ਦੀਆਂ ਸਾਰੀਆਂ ਸ਼ਕਤੀਆਂ ਦਾ ਸਵਾਮੀ ਬਣ ਗਿਆ। 'ਭਗਤਿ ਨਵੈ ਪ੍ਰਕਾਰਾ' ਉਸਦੇ ਜੀਵਨ ਦਾ ਆਧਾਰ ਹੁੰਦੀ ਹੈ। 'ਰਿਧਿ ਸਿਧਿ' ਸਦਾ ਭਗਤਾਂ ਦੀ ਦਾਸੀ ਬਣ ਕੇ ਰਹਿੰਦੀ ਹੈ। ਪ੍ਰਭੂ ਪ੍ਰੀਤਮ ਭਗਤ ਉਤੇ ਇੰਨਾ ਰੀਝਦਾ ਹੈ ਕਿ ਭਗਤ ਦੀ ਕਿਸੇ ਗੱਲ ਨੂੰ ਉਲਟਾਉਂਦਾ ਨਹੀਂ। ਇਸੇ ਲਈ ਭਗਤ ਉਹ ਕੰਮ ਕਰ ਵਿਖਾਉਂਦਾ ਹੈ ਜੋ ਸੰਸਾਰ ਦੇ ਅਲਪੱਗ ਬੁੱਧ ਜੀਵਾਂ ਨੂੰ ਅਸੰਭਵ ਜਾਪਦੇ ਹਨ। ਉਹ ਅਜਿਹੇ ਦੁੱਖ ਖਿੜੇ ਮੱਥੇ ਸਹਿ ਜਾਂਦਾ ਹੈ ਜੋ ਸਾਧਾਰਣ ਮਨੁੱਖ ਲਈ ਅਸਹਿ ਹੁੰਦੇ ਹਨ। ਉਚ ਆਦਰਸ਼ ਦੀ ਪੂਰਤੀ ਲਈ ਸਰੀਰ ਦੀ ਸੁੱਧ ਬੁੱਧ ਤਾਂ ਉਸਨੂੰ ਵਿਸਰ ਹੀ ਜਾਂਦੀ ਹੈ। ਉਹ ਜੇਠ ਹਾੜ੍ਹ ਦੀ ਕੜਕਦੀ ਧੁੱਪ ਵਿਚ ਜਦੋਂ ਕਾਂ ਦੀ ਅੱਖ ਵੀ ਨਿਕਲਦੀ ਜਾਪਦੀ ਹੈ, ਕੋਇਲਿਆਂ ਵਾਂਗ ਭਖਦੀ ਤਵੀ ਉਤੇ ਬੈਠ ਕੇ ਸੜਦੀ ਰੇਤਾ ਸਰੀਰ ਉਤੇ ਪੁਆ ਕੇ ਇਸ ਪੰਚ ਭੌਤਿਕ ਮੜੋਲੀ ਨੂੰ ਦਾਨਿਆਂ ਵਾਂਗ ਭੁਨਾ ਕੇ ਵੀ ਸ਼ਾਂਤ ਚਿਤ ਰਹਿੰਦਾ ਹੈ। ਉਬਲਦੀ ਦੇਗ ਵਿਚ ਆਲੂ ਵਾਂਗ ਆਪਣੇ ਸਰੀਰ ਤੋਂ ਉਬਾਲਣਾ ਉਸ ਲਈ ਸਹਜ ਕ੍ਰਿਆ ਬਣ ਜਾਂਦੀ ਹੈ। ਭੀੜ ਪਈ ਤੇ ਵੀ ਉਹ ਚਿਤ ਬ੍ਰਿਤੀਆਂ ਵਿਚ ਖਿੰਡਾਉ ਨਹੀਂ ਆਉਣ ਦੇਂਦਾ।

ਅਨੋਖੇ ਗੁਰੂ ਦੀਆਂ ਅਨੋਖੀਆਂ ਸ਼ਕਤੀਆਂ, ਇਨ੍ਹਾਂ ਦੇ ਪਿਛੋਕੜ ਤੇ ਮੂਲ ਸਰੋਤ ਨੂੰ, ਸ਼ਰਧਾਵਾਨ ਭੱਟਾਂ ਨੇ ਆਪਜੀ ਦੇ ਗੁਰਗੱਦੀ ਉਤੇ ਸੁਸ਼ੋਭਿਤ ਹੋਣ ਸਮੇਂ ਆਪ ਜੀ ਦੇ ਦਰਸ਼ਨਾਂ ਦੀ ਪਹਿਲੀ ਝਲਕ ਤੋਂ ਹੀ ਅਨੁਭਵ


www.AKJ.Org

ਕਰ ਲਿਆ ਸੀ। ਉਨ੍ਹਾਂ ਨੇ ਆਪਣੇ ਇਸ ਅਨੁਭਵ ਨੂੰ ਬੜੀ ਕਲਾ ਕੌਸ਼ਲਤਾ ਨਾਲ ਕਾਨੀ ਬੱਧ ਕਰਕੇ ਸਨਮੁਖ ਰਖਿਆ। ਉਹ ਦੱਸਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਪਿਉ ਦਾਦੇ, ਪੜਦਾਦਿਓਂ ਪ੍ਰਾਪਤ ਹੋਈਆ ਦਾਤਾਂ ਨੂੰ ਆਪਣੇ ਅੰਦਰ ਵਸਾਇਆ ਅਤੇ ਸਮਾਂ ਆਉਣ ਤੇ ਆਪਣੇ ਸਪੁਤ੍ਰ ਅਰਜਨ ਨੂੰ ਸੌਂਪ ਦਿੱਤੀਆਂ। ਗੁਰੂ ਅਰਜਨ ਸਾਹਿਬ ਭਗਤ ਰੂਪ ਹੋ ਕੇ ਪਿਤਾ ਦੇ ਗ੍ਰਿਹ ਵਿਖੇ ਆਏ ਸਨ। ਗੁਰੂ ਰਾਮਦਾਸ ਜੀ ਨੇ :

ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ॥
ਗੁਰੁ ਅਰਜਨੁ ਘਰਿ ਗੁਰ ਰਾਮਦਾਸ, ਭਗਤ ਉਤਰਿ ਆਯਉ॥ (ਪੰਨਾ ੧੪੦੭)

ਇਹ ਭਗਤ ਅਜਿਹਾ ਸੀ ਜਿਸਨੇ *ਜਨਮਤ ਗੁਰਮਤਿ ਬ੍ਰਹਮੁ ਪਛਾਣਿਓ* (ਪੰਨਾ ੧੪੦੭) ਗੁਰਮਤਿ ਹੀ ਬ੍ਰਹਮ ਦੀ ਪਛਾਣ ਦਾ ਮੂਲ ਸਾਧਨ ਹੈ। ਨਾਨਾ ਗੁਰੂ ਜੀ ਦੀ ਗੋਦ ਵਿਚ ਪਲ ਕੇ ਅੱਤੇ ਗੁਰੂ-ਵਿਹੜੇ ਖੇਡਦਿਆਂ ਦਸ ਯਾਰਾਂ ਸਾਲ ਗਿਆਨ ਪ੍ਰਾਪਤ ਕਰਦੇ ਰਹੇ। ਫਿਰ ਛੇ-ਸੱਤ ਸਾਲ ਵਿਚ ਪਿਤਾ ਗੁਰੂ ਜੀ ਦੀ ਛਤਰ ਛਾਇਆ ਹੇਠ ਇਸ ਗਿਆਨ ਵਿਚ ਪਰਿਪੱਕ ਹੋਏ। ਹਿਰਦੇ ਵਿਚ ਸ਼ਬਦ ਗੁਰੂ ਦਾ ਪ੍ਰਕਾਸ਼, ਰਸਨਾ ਉਤੇ ਹਰਿ ਪ੍ਰਭ ਦਾ ਬਸੇਰਾ ਅਤੇ ਨਾਮ ਗੁਰ ਮੰਤ੍ਰ ਦੀ ਦ੍ਰਿੜ੍ਤਾ ਨਾਲ ਮਨ ਮਾਦਕ ਪੂਰਨ ਸੰਤੋਖੀ ਹੋ ਗਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਅਗਮ ਅਗੋਚਰ ਪਾਰਬ੍ਰਹਮ ਦੇ ਦਰਸ਼ਨ ਕਰਾ ਕੇ ਆਪ ਨੂੰ ਗਿਆਨ ਰੂਪ ਹੀ ਥਾਪ ਦਿੱਤਾ ਸੀ॥ ਪਾਰਸ ਗੁਰੂ ਨੇ ਆਪਣੀ ਛੋਹ ਨਾਲ ਪਾਰਸ ਹੀ ਬਣਾ ਦਿੱਤਾ। ਪਾਰਸ ਰੂਪ ਹੋ ਕੇ ਵੀ ਆਪਨੇ 'ਹਰਿ ਜਾਪੁ ਨ ਛਾਡ੍ਉ ਏਕ ਘਰੀ'। (੧੪੦੯) ਸਾਸ ਗਿਰਾਸ ਨਾਮ ਦੇ ਜਾਪ ਦਾ ਹੀ ਕ੍ਰਿਸ਼ਮਾ ਹੈ ਕਿ ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ। (੧੪੦੯)

ਇਸੇ ਲਈ ਭੱਟ ਕਹਿੰਦੇ ਹਨ ਕਿ ਬ੍ਰਹਮ ਅਤੇ ਬ੍ਰਹਮ ਗਿਆਨੀ ਗੁਰੂ ਅਰਜਨ ਵਿਚ ਕੋਈ ਅੰਤਰ ਨਹੀਂ। ਆਪ ਹਰੀ ਦਾ ਸਾਖਿਆਤ ਸਰੂਪ ਹਨ ਕਿਉਂਕਿ ਜਿਸ ਜਿਸਨੇ ਵੀ ਹਰੀ ਨੂੰ ਪਛਾਣਿਆ, ਹਰੀ ਨੂੰ ਹਿਰਦੇ ਵਿਚ ਵਸਾਇਆ, ਉਹ ਹਰੀ ਦਾ ਰੂਪ ਹੀ ਹੋ ਗਿਆ। ਭੱਟ ਮਥਰਾ ਕਹਿੰਦਾ ਹੈ ਕਿ ਗੁਰੂ ਅਰਜਨ ਜੋਤ ਸਰੂਪ ਹੋ ਕੇ ਧਰਤੀ, ਅਕਾਸ਼ ਤੇ ਨੌਂ ਖੰਡਾਂ ਵਿਚ ਵਿਆਪ ਰਿਹਾ ਹੈ। ਇਸ ਲਈ 'ਗੁਰੂ ਅਰਜਨ ਪਰਤਖ ਹਰਿ' ਹੈ। ਪਰਤਖ ਹਰਿ ਦੇ ਸਾਖਿਆਤ ਦਰਸ਼ਨ ਕਰ ਕੇ ਕੌਣ ਹੈ ਜੋ ਵਾਰਨੇ ਬਲਿਹਾਰਨੇ ਹੋਣ ਲਈ ਤਿਆਰ ਨ ਹੋਵੇ। ਬ੍ਰਹਮ ਨੂੰ ਹਿਰਦੇ ਵਿਚ ਵਸਾ ਕੇ, ਬ੍ਰਹਮ ਰੂਪ ਹੋਣ ਵਾਲੇ ਗੁਰੂ ਅਰਜਨ ਤੋਂ ਕੁਰਬਾਨ ਹੋਣ ਦੀ ਤਾਂਘ ਤਾਂ ਹਰੇਕ ਦੇ ਹਿਰਦੇ ਵਿਚ ਉਪਜਦੀ ਹੈ।

ਆਪ ਕੇਵਲ ਸ੍ਵਯੰ ਹੀ ਬ੍ਰਹਮ ਰੂਪ ਨਹੀਂ ਹੋਏ ਸਗੋਂ ਸੰਸਾਰ ਨੂੰ ਤਾਰਨ ਵਾਲੇ ਅਵਤਾਰ ਰੂਪ ਵਿਚ ਪ੍ਰਗਟ ਹੋਏ। ਆਪ ਜੀ ਦੇ ਦਰਸ਼ਨ ਕਰਨ ਵਾਲਾ ਅਤੇ ਆਪ ਜੀ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾਉਣ ਵਾਲਾ ਸਿੱਖ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਸਾਰੀ, ਧਰਤੀ ਦਾ ਭਾਰ ਹਰਨ ਵਾਲੇ, ਪਰਾਈ ਪੀੜ ਮਿਟਾਉਣ ਵਾਲੇ, ਧਰਮ ਦਾ ਝੰਡਾ ਬੁਲੰਦ ਕਰਨ ਵਾਲੇ ਹਰੀ ਨੂੰ ਹਿਰਦੇ ਵਿਚ ਵਸਾ ਕੇ, ਹਰੀ ਵਾਂਗ ਹੀ ਉਦਾਰਚਿਤ ਗੁਰੂ ਅਰਜਨ ਮੂਲੋਂ ਹੀ ਹਉਮੈ ਰਹਿਤ ਸਨ। ਪੂਰਨ ਸੰਤੋਖੀ ਜਿਵੇਂ ਸੰਤੋਖ ਸਰ ਵਿਚ ਹੀ ਸਮਾਏ ਹੋਣ; ਅਜਰ ਨੂੰ ਜਰਨ ਦੀ ਸ਼ਕਤੀ ਦੇ ਮਾਲਕ ਸਨ। ਨਾਮ ਰੂਪ ਖੰਡਾ ਖੜਕਾਉਂਦੇ, ਨਾਮ ਰੂਪ ਨੇਜ਼ੇ ਨਾਲ ਵਿਕਾਰਾਂ ਨੂੰ ਦੂਰ ਭਜਾਉਣ ਵਾਲੇ ਸਨ। ਦੇਹ ਰੂਪੀ ਘੋੜੀ ਦੇ ਅਣਥੱਕ ਸ਼ਾਹ ਸਵਾਰ ਉਤੇ ਕੋਈ ਵੈਰੀ ਵਾਰ ਕਿਵੇਂ ਕਰ ਸਕਦਾ ਹੈ? ਗੁਰੂ ਜੀ ਆਪ ਬਾਣੀ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾ ਕੇ, ਆਪਣੇ ਅੰਦਰ ਉਹ ਸ਼ਕਤੀਆਂ ਪੈਦਾ ਕਰਦੇ ਰਹੇ ਜੋ ਆਤਮ ਜੀਵਨ ਦਾ ਆਧਾਰ ਬਣਦੀਆਂ ਹਨ ਅਤੇ ਸਰੀਰਕ ਬਲ ਵਿਚ ਵੀ ਵਾਧਾ ਕਰਦੀਆਂ ਹਨ ਗੁਰ ਉਪਦੇਸ਼ਾਂ ਨੂੰ ਆਪ ਕਮਾਉਂਦੇ ਅਤੇ ਅਮਲੀ ਸਿਖਿਆ ਦੇਂਦੇ। ਸੇਵਾ ਸਿਮਰਨ, ਸਤਿਸੰਗ ਦਾ ਨਮੂਨਾ ਸਨ। ਸੂਰਮਿਆਂ, ਜੋਧਿਆਂ ਅਤੇ ਰਣ ਵਿਚ ਬਾਹੂ ਬਲ ਵਿਖਾ ਕੇ ਜਿੱਤਾ ਪ੍ਰਾਪਤ ਕਰਨ ਵਾਲਿਆਂ ਨੂੰ ਅੰਦਰਦੇ ਵੈਰੀਆਂ ਨਾਲ ਜੂਝਣ ਦਾ ਉਪਦੇਸ਼ ਦੇਂਦੇ। ਆਪ ਵਿਕਾਰਾਂ ਦੀ ਹਠਲੀ ਫ਼ੌਜ ਨੂੰ ਸੋਧਣ ਦਾ ਉਪਦੇਸ਼ ਦੇਂਦੇ। 'ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ'।(ਪੰਨਾ ੬੪੭) ਆਪਨੇ ਭਾਈ ਕਲਯਾਣਾ ਜੀ ਨੂੰ ਸੰਬੋਧਿਤ ਹੋ ਕੇ ਜੋ ਉਪਦੇਸ਼ ਦਿੱਤਾ, ਉਹ ਸਮੂਹ ਸੰਗਤਾ ਲਈ ਸਾਂਝਾ ਸੀ। ਆਪਨੇ ਦੱਸਿਆ

ਸੈਨਾ ਸਾਧ ਸੰਗਤ ਹੈ। ਸਿਮਰਨ ਨੂੰ ਸ਼ਸਤ੍ਰ ਬਣਾਓ। ਨਿਮਤ੍ਰਾ ਦਾ ਸੰਜੋਅ ਹੋਵੇ। ਆਪਣੇ ਬਚਾਉ ਲਈ ਢਾਲ ਗੁਰਸ਼ਬਦ ਦੀ ਹੋਵੇ। ਅਸਚਰਜ ਸਥਿਤੀ ਹੈ ਆਤਮ ਮੰਡਲ ਦੀ। ਪਾਪ ਕੱਟਣ ਲਈ ਗੁਰਸ਼ਬਦ, ਗੁਰਮੰਤ੍ਰ ਨਾਮ ਦਾ ਸਿਮਰਨ ਕੀਤਾ ਜਾਵੇ ਤਾਂ ਇਹ ਸ਼ਸਤ੍ਰ ਹੈ। ਪਰਤੂੰ ਜਦੋਂ ਵਿਕਾਰਾਂ ਦੀ ਫ਼ੌਜ ਹਮਲਾਵਰ ਸਥਿਤੀ ਵਿਚ ਹੋਵੇ ਤਾਂ ਸਿਮਰਨ ਢਾਲ ਦਾ ਰੂਪ ਧਾਰ ਲੈਂਦਾ ਹੈ। ਸਦਕੇ ਜਾਈਏ ਅਜਿਹੇ ਸਿਖਿਆ ਦਾਤਾ ਤੋਂ।

ਗੁਰੂ ਅਰਜਨ ਦੇਵ ਦੇ ਹਿਰਦੇ ਵਿਚ ਗੁਰਦਰਸ਼ਨਾਂ ਦੀ ਲੋਚਾ ਸਦਾ ਪ੍ਰਬਲ ਰਹਿੰਦੀ। ਹਿਰਦਾ ਬਿਲਬਲ ਹੋ ਉਠਦਾ। ਅਜਿਹੇ ਸਮੇਂ ਸਿੱਖ ਰੂਪ ਵਿਚ ਗੁਰੂ ਦਰਬਾਰ ਦੇ ਦਰਸ਼ਨਾਂ ਬਿਨਾਂ 'ਨ ਤਿਸੁ ਭੁਖ ਨ ਨੀਂਦ ਨਾ ਖਾਣਾ ਸੋਵਣਾ' ਵਾਲੀ ਅਵਸਥਾ ਹੁੰਦੀ। ਪਰ ਜਦੋਂ ਗੁਰ ਸੰਤ ਦੇ ਮੇਲ ਉਪਦੇਸ਼ ਨਾਲ ਅੰਦਰੋਂ ਹੀ ਹਰੀ ਪ੍ਰਭੂ ਦੇ ਦਰਸ਼ਨ ਹੁੰਦੇ ਤਾਂ ਆਪ ਦਾਸ ਭਾਵ ਵਿਚ ਲੀਨ ਹੋ ਅਨੰਦ ਮਾਣਦੇ। ਗੁਰਸਿੱਖਾਂ ਲਈ ਪੂਰਨੇ ਪਾਏ ਜਾ ਰਹੇ ਸਨ। ਗੁਰੂ ਅਤੇ ਵਾਹਿਗੁਰੂ ਦਰਸ਼ਨਾਂ ਲਈ ਤਾਂਘ ਉਪਜਾਈ ਜਾ ਰਹੀ ਸੀ। ਸੇਵਾ ਕਰਨ ਅਤੇ ਸਦੀਵ ਮੇਲ ਦੀ ਇਛਾ ਪੂਰਨ ਵਾਲੇ ਗੁਰੂ ਨਾਲ ਜੁੜੇ ਹੋਣ ਕਰਕੇ ਆਪ ਸਦੈਵ ਹੀ ਸ਼ਾਂਤ ਚਿਤ ਰਹਿੰਦੇ। ਆਪ ਦੇ ਹਰ ਕਰਮ, ਹਰ ਬੋਲ ਹਰ ਹਰਕਤ ਵਿਚੋਂ ਸੀਤਲਤਾ ਦੇ ਫੁਹਾਰੇ ਛੁੱਟਦੇ । 'ਤਮ ਸੰਸਾਰੁ ਚਰਨ ਲਗਿ ਤਰੀਐ' ਦਾ ਸਿਧਾਂਤ ਆਦਰਸ਼ ਬਣਿਆ ਹੋਵੇ ਤਾਂ ਸਰੀਰਕ ਖੇਚਲਾਂ ਵਾਲੇ ਦ੍ਰਿਸ਼ਟਮਾਨ ਦੁੱਖ ਦਾ ਮੂਲੋਂ ਹੀ ਅਭਾਵ ਹੋ ਜਾਂਦਾ ਹੈ। ਜੇਠ ਹਾੜ੍ਹ ਦੀ ਗ੍ਰਿਖਮ ਰੁੱਤ ਵਿਚ ਜਦੋਂ ਗਰਮੀ ਸਿਖ਼ਰ ਤੇ ਪੁੱਜ ਕੇ ਆਪਣਾ ਰੰਗ ਵਿਖਾ ਰਹੀ ਹੁੰਦੀ ਹੈ; ਗਗਨ-ਮੰਡਲ ਵਿਚ ਸੂਰਜ ਦੀ ਤਪਸ਼ ਅਤੇ ਧਰਤੀ ਉਤੇ ਅੱਗ ਦੀਆਂ ਚੰਗਿਆੜੀਆਂ ਅਨੁਭਵ ਹੁੰਦੀਆਂ ਹਨ ਤਾਂ ਆਪ ਇਸਦੀ ਅਸਲੀਅਤ ਵੱਲ ਝਾਤ ਪੁਆਉਂਦੇ ਹੋਏ ਦੱਸਦੇ ਹਨ :

ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ (ਪੰਨਾ ੧੩੪)

ਆਸਮਾਨ ਵਿਚਲੇ ਸੂਰਜ ਵਾਂਗ, ਧਰਤੀ ਉਤੇ ਰਹਿੰਦੇ, ਕ੍ਰੋਧ ਦੀ ਅੱਗ ਵਿਚ ਸੜਦੇ ਜੀਵ ਵੀ ਅੱਗ ਵਰਸਾਉਣੋਂ ਸੰਕੋਚ ਨਹੀਂ ਕਰਦੇ। ਕੁਦਰਤ ਦੀ ਅਗਨੀ ਸਹਾਰੀ ਜਾ ਸਕਦੀ ਹੈ ਪਰ ਜ਼ਾਲਮ ਤੇ ਕਠੋਰ ਹਿਰਦਿਆਂ ਵਲੋਂ ਵਰਸਾਏ ਅੱਗ ਦੇ ਸ਼ੋਅਲੇ ਤਨ ਮਨ ਸਾੜ ਕੇ ਰੱਖ ਦੇਂਦੇ ਹਨ। ਪਰੰਤੂ ਆਪ ਆਪਣੇ ਆਤ੍ਮ-ਅਨੁਭਵ ਦੁਆਰਾ ਸਮਝਾਉਂਦੇ ਹਨ ਕਿ ਜੇਠ ਦਾ ਮਹੀਨਾ ਜੇ ਪ੍ਰਭੂ ਦੇ ਮਿਲਾਪ-ਅਨੰਦ ਵਿਚ ਬੀਤਦਾ ਹੋਵੇ ਤਾਂ ਦੁਖਦਾਈ ਪ੍ਰਤੀਤ ਨਹੀਂ ਹੁੰਦਾ। ਦੋਖੀਆਂ ਦੇ ਅਗਨੀ ਬਾਣ ਪੋਹ ਨਹੀਂ ਸਕਦੇ। ਪਰ ਇਹ ਅਵਸਥਾ ਵਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗ ਮਥੰਨਿ ॥ (੧੩੩)

ਇਸੇ ਤਰ੍ਹਾਂ ਹਾੜ੍ਹ ਦਾ ਮਹੀਨਾ ਉਸੇ ਲਈ ਹੀ ਦੁਖਦਾਈ ਹੁੰਦਾ ਹੈ ਜੋ ਪ੍ਰਭੂ ਦਾ ਲੜ ਛੱਡ ਕੇ ਦੂਜੀ ਆਸ ਵਿਚ ਜੀਵਨ ਬਿਤਾਏ :

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ (ਪੰਨਾ ੧੩੪)

ਅਤੇ ਇਹ ਮਹੀਨਾ ਹੀ ਸੁਹਾਵਣਾ ਬਣ ਜਾਂਦਾ ਹੈ ਜੇ ਪ੍ਰਭੂ ਨਾਲ ਪ੍ਰੀਤ ਹੋਵੇ :

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥ (ਪੰਨਾ ੧੩੪)

ਆਪ ਜੀ ਅੰਦਰ ਉਹ ਜੋਤ ਵਿਦਮਾਨ ਸੀ ਜੋ ਪਾਰਬ੍ਰਹਮ ਪਰਮੇਸ਼ਰ ਵਲੋਂ ਸਰੀਰਕ ਜਾਮਾ ਧਾਰ ਕੇ ਗੁਰੂ ਨਾਨਕ ਦੇ ਰੂਪ ਵਿਚ ਕਲਿਤਾਰਨ ਲਈ ਆਈ ਸੀ :

ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕ ਕਹਾਯਉ॥
ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤੁ, ਗੁਰ ਰਾਮਹਿ ਦੀਅਉ॥


www.AKJ.Org

ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤ ਪੰਚ ਪ੍ਰਮਾਣ ਪੁਰਖੁ, ਗੁਰੁ ਅਰਜੁਨੁ ਪਿਖਹੁ ਨਯਣ॥ (ਪੰਨਾ ੧੪੦੮)

ਇਹ ਜੋਤ ਜ਼ਾਮੇ ਬਦਲਦੀ ਰਹੀ। ਦੁਨੀਆਂ ਦੇ ਸਨਮੁਖ ਭਿੰਨ ਭਿੰਨ ਗੁਰੂ ਸਰੂਪ ਕਰਤੱਵ ਨਿਭਾ ਰਹੇ ਸਨ; ਪਰ ਨੈਣਾਂ ਵਾਲਿਆਂ ਨੇ ਵੇਖ ਲਿਆ ਸੀ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)

ਗੁਰੂ ਅਰਜਨ ਸਾਹਿਬ ਵਿਚ ਵੀ ਉਹੋ ਜੋਤ ਕ੍ਰਿਆਸ਼ੀਲ ਸੀ

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥ (ਪੰਨਾ ੧੪੦੯)

ਨਾਮੀ ਅੰਦਰ ਵਸਿਆ। ਬ੍ਰਹਮ ਰੂਪ ਹੋ ਗਏ। ਭਟਕਦੀ ਲੁਕਾਈ ਨੂੰ ਬ੍ਰਹਮ ਨਾਲ ਜੋੜਨ ਲਈ ਨਾਮ ਦੀ ਵਰਖਾ ਵਰਸਾਉਂਦੇ ਰਹੇ। ਨਾਮੀ ਤੋਂ ਕੁਰਬਾਣ ਹੋਣ ਵਾਲੇ ਸਿਖ, ਆਪ ਜੀ ਦੇ ਦ੍ਰਿੜਾਏ ਨਾਮ ਤੋਂ ਸਦਕੇ ਅਤੇ ਨਾਮ ਦਾਤਾ ਤੋਂ ਵਾਰਨੇ ਜਾਣ ਲੱਗੇ :

ਕੁਰਬਾਣੁ ਜਾਈ ਗੁਰ ਪੂਰੇ ਅਪਨੇ॥ ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ॥ (ਪੰਨਾ ੧੩੪੦)

ਅਰਸ਼ੀ ਹੁਕਮ ਅਨੁਸਾਰ ਜਗ ਤਾਰਨ ਦੇ ਕਰਤੱਵ ਨਿਭਾਉਣ ਦੀ ਤਿਆਰੀ ਵਿਚ ਅਰਜਨ ਗੁਰੂ ਨੂੰ ਨਾਨਾ ਗੁਰੂ ਅਮਰਦਾਸ ਜੀ ਦੀਆਂ ਲੋਰੀਆਂ ਅਤੇ ਅਸੀਸਾਂ ਭਰਿਆਂ ਅਨੰਦ ਮਿਲਦਾ ਰਿਹਾ। ਫਿਰ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੀ ਸਿਖਿਆ ਅਤੇ ਅਸ਼ੀਰਵਾਦ ਨੇ ਰੰਗ ਬੰਨ੍ਹਿਆ। ਪਰ ਜਿਸ ਕਰੜੇ ਪੰਧ ਆਪਨੇ ਪੈਣਾ ਸੀ, ਉਸ ਪ੍ਰਤੀ ਦ੍ਰਿੜਤਾ ਤੇ ਲਗਨ ਦੀ ਪਰੀਖਿਆ ਲਈ ਪਿਤਾ ਗੁਰੂ ਨੇ ਸਖ਼ਤ ਪਰਚਾ ਪਾਇਆ। ਇਹ ਪਰਚਾ ਓਪਰੀ ਨਜ਼ਰੇ ਭਾਵੇਂ ਸੁੱਖਲਾ ਤੇ ਸਾਧਾਰਣ ਜਾਪਦਾ ਹੈ ਪਰ ਬਿਰਹਾ ਕੁੱਠੇ ਹਿਰਦੇ ਨੂੰ ਹੀ ਇਸਦੀ ਕਠਿਨਾਈ ਦਾ ਅਹਿਸਾਸ ਹੋ ਸਕਦਾ ਹੈ। ਵੱਡੇ ਭਰਾਵਾਂ ਦਾ ਇਨਕਾਰੀ ਹੋਣ ਤੇ ਆਪ ਜੀ ਨੂੰ ਇਕ ਨਿਕਟ ਸੰਬੰਧੀ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਭੇਜਿਆ ਗਿਆ ਅਤੇ ਨਾਲ ਹੀ ਹੁਕਮ ਹੋਇਆ ਕਿ ਜਿੰਨਾ ਚਿਰ ਬੁਲਾਇਆ ਨਾ ਜਾਏ, ਵਾਪਸ ਨਹੀਂ ਆਉਣਾ ਕਾਫ਼ੀ ਸਮਾਂ ਬੀਤ ਗਿਆ ਪਰ ਕੋਈ ਸੁਨੇਹਾ ਨਾ ਮਿਲਿਆ। ਗੁਰ ਦਰਸ਼ਨਾਂ ਲਈ ਆਪ ਬਹੁਤ ਬੇਤਾਬ ਹੋਏ ਪਰ ਕੋਈ ਪੇਸ਼ ਨਹੀਂ ਸੀ ਜਾਂਦੀ। ਆਗਿਆਕਾਰੀ ਪੁੱਤਰ ਪਿਤਾ ਗੁਰੂ ਜੀ ਦੀ ਆਗਿਆ ਦਾ ਉਲੰਘਣ ਕਿਵੇਂ ਕਰੇ? ਭਾਵੇਂ ਆਪ ਲਾਹੌਰ ਵਾਸੀਆਂ ਦੀ ਸੇਵਾ ਵਿਚ ਹਰ ਸਮੇਂ ਰੁੱਝੇ ਰਹਿੰਦੇ ਪਰ ਹੱਥ ਕਾਰ ਵੱਲ ਅਤੇ ਚਿਤ ਕਰਤਾਰ ਵੱਲ ਰਹਿੰਦਾ ਸੀ। ਲੰਮੀ ਉਡੀਕ ਪਿਛੋਂ ਆਪਨੇ ਚਿਤ੍ਰ ਕਲਾ ਵਿਚ ਨਿਪੁੰਨ ਹੋਣ ਕਰਕੇ, ਸ੍ਵਾਂਤੀ ਬੂੰਦ ਲਈ ਤਾਂਘਦੇ ਚਾਤ੍ਰਿਕ ਦਾ ਚਿਤ੍ਰ ਬਣਾ ਕੇ ਪਿਤਾ ਜੀ ਵੱਲ ਭੇਜਿਆ। ਪਿਤਾ ਜੀ ਨੇ ਉਤਰ ਵਿਚ 'ਬਾਣ' ਦਾ ਨਕਸ਼ਾ ਵਾਹ ਕੇ ਘੱਲ ਦਿੱਤਾ। ਪ੍ਰਤੀਕਾਤਮਕ ਉਤਰ ਸੀ ਕਿ ਹਾਲਾਂ ਬਿਰਹਾ ਬਾਣਾਂ ਦੀ ਚੋਭ ਸਹਿੰਦੇ ਰਹੋ। ਇੱਥੋਂ ਹੀ ਆਰੰਭ ਹੁੰਦੀ ਹੈ ਹਿਰਦੇ ਨੂੰ ਤੜਪਾਉਣ ਵਾਲੀ ਬਿਰਹਾ ਅਗਨੀ ਜਿਸਨੇ ਭਵਿੱਖ ਵਿਚ ਕਈ ਰੂਪ ਵਟਾਏ। ਗੁਰਿਆਈ ਮਿਲਣ ਉਪਰੰਤ ਪ੍ਰਿਥੀ ਚੰਦ ਦੰਪਤੀ ਦੇ ਕੌੜੇ ਬੋਲਾਂ ਦੇ ਅਗਨ ਬਾਣ ਪੁੱਤਰ ਦੀ ਅਣਹੋਂਦ ਕਰਕੇ ਵੀ ਵੱਡੇ ਭਰਾ ਭਰਜਾਈ ਕੋਲੋਂ ਕਈ ਪ੍ਰਕਾਰ ਦੇ ਤਾਅਨੇ ਤੇ ਕੁਬੋਲ ਸੁਣਨੇ ਪਏ। ਪੁੱਤਰ ਦੀ ਪ੍ਰਾਪਤੀ ਹੋਈ ਤਾਂ ਉਸ ਉਤੇ ਤਾਇਆ ਜੀ ਵਲੋਂ ਹੀ ਜਾਨ ਲੇਵਾ ਹਮਲੇ। ਚੰਦੂ ਦੇ ਮਨ ਵਿਚਲੀ ਵਿਸ਼ ਭਰੀ ਈਰਖਾ ਅਗਨੀ। ਸੁਲਹੀ ਖਾਨ ਤੇ ਸੁਲਬੀਖ਼ਾਨ ਦੇ ਹਮਲੇ ਹੋਏ ਪਰ ਸ਼ਾਂਤ ਰਹੇ ਅਤੇ ਆਖਿਆ :

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸ ਆਗੈ ਕੋ ਨ ਟਿਕੈ ਵੇਕਾਰੀ॥ (ਪੰਨਾ ੬੨੮)

ਸੁਲਹੀ ਖ਼ਾਨ ਦੇ ਸੜ ਕੇ ਮਰਨ ਤੇ ਸ਼ਬਦ ਉਚਾਰਿਆ :

ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾ ਪਾਕੁ॥ (ਪੰਨਾ ੮੨੫)

(ਬਾਕੀ ਪੰਨਾ . ੧੭ ਤੇ ...)


www.AKJ.Org

# ਅਰਜੁਨ ਕਾਇਆ ਪਲਟਿ ਕੈ, ਮੂਰਤਿ ਹਰਿਗੋਬਿੰਦ ਸਵਾਰੀ

(ਵਲੋਂ :-ਅਜੀਤ ਕੌਰ ਲੁਧਿਆਣਾ)

'ਪੁੱਤੀ ਗੰਢੁ ਪਵੈ ਸੰਸਾਰਿ' ਦੀ ਮਨੋ-ਇੱਛਾ ਜਾਂ ਲਾਲਸਾ ਹਰ ਗ੍ਰਹਿਸਤੀ ਜਾਂ ਇਸਤ੍ਰੀ ਦੀ ਹੁੰਦੀ ਹੈ। ਮਾਤਾ ਗੰਗਾ ਜੀ ਦੇ ਗ੍ਰਹਿਸਤੀ ਜੀਵਨ ਦੀ ਵੀ ਇਹ ਵਿਆਪਕ ਤੇ ਪ੍ਰਬਲ ਇੱਛਾ ਸੀ। ਤਾਅਨਿਆਂ ਮਿਹਣਿਆਂ ਕਾਰਨ ਇਹ ਇੱਛਾ ਹੋਰ ਵੀ ਪ੍ਰਬਲ ਹੋ ਗਈ ਸੀ। ਸ਼ਾਂਤੀ ਦੇ ਪੰਜ ਪੰਚਮ-ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਪ੍ਰੀਵਾਰਕ ਜ਼ਿੰਦਗੀ ਦਾ ਇੱਕ ਸੱਚ-ਤੱਥ ਬੜਾ ਪ੍ਰਸਿੱਧ ਹੈ ਕਿ ਉਹਨਾ ਦੇ ਗ੍ਰਹਿ ਮਾਤਾ ਗੰਗਾ ਜੀ ਦੇ ਗ੍ਰਹਿਸਤ ਵਿੱਚ ਪ੍ਰਵੇਸ਼ ਕਰਨ ਤੋਂ ਘਟੋ ਘਟ 16 ਸਾਲ ਪਿਛੋਂ ਸਪੁੱਤਰ ਹਰਿਗੋਬਿੰਦ ਜੀ ਦੀ ਦਾਤਿ ਪ੍ਰਾਪਤ ਹੋਈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਇਸ ਬਾਰੇ ਲਿਖੇ ਵਿਚਾਰ ਇਸ ਪ੍ਰਕਾਰ ਹਨ :–

'ਆਪ ਜੀ ਦੇ (ਗੁਰੂ ਅਰਜਨ ਦੇਵ ਜੀ) ਦੇ ਘਰ ਅਜਿਹੀ ਦਾਤਿ ਇਲਾਹੀ ਪ੍ਰਾਪਤ ਹੋਵੇਗੀ ਜਿਸ ਦਾ ਰੂਪ ਜੋਧਿਆਂ ਵਾਲਾ ਹੋਵੇਗਾ, ਦਲ ਭੰਜਨ ਸੂਰਮਾ ਹੋਵੇਗਾ, ਅਕਾਲ ਆਤਮਿਕ ਗੁਣ-ਬਲ ਇੰਨਾ ਹੋਵੇਗਾ ਕਿ ਕਿਸੇ ਕੋਲੋਂ ਜਿੱਤਿਆ ਨਹੀਂ ਜਾਵੇਗਾ।

ਇਤਿਹਾਸਕ ਸਾਖੀ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਪਿੰਡ ਗੁਰੂ ਕੀ ਵਡਾਲੀ ਵਿਖੇ 4 ਜੂਨ 1595 ਈ: ਨੂੰ ਦਾਤਿ ਇਲਾਹੀ ਦੇ ਰੂਪ ਵਿੱਚ ਬਾਲਕ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਬਾਲਕ ਦੇ ਪ੍ਰਕਾਸ਼ ਨਾਲ ਸਾਰੇ ਘਰ-ਪ੍ਰੀਵਾਰ ਤੇ ਸਿੱਖ ਸੰਗਤਾ ਵਿੱਚ ਖੁਸ਼ੀ, ਖੇੜੇ ਤੇ ਅਨੰਦ ਦੀ ਲਹਿਰ ਦੌੜ ਗਈ। ਗੁਰੂ ਅਰਜਨ ਦੇਵ ਜੀ ਬਾਲਕ ਹਰਿਗੋਬਿੰਦ ਦੇ ਜਨਮ-ਪ੍ਰਕਾਸ਼ ਹੋਣ ਦੀ ਖੁਸ਼ੀ ਵਿੱਚ ਅਕਾਲ-ਪੁਰਖ ਤੇ ਗੁਰੂ-ਨਾਨਕ ਦੇਵ ਜੀ ਦੇ ਸ਼ੁਕਰਾਨਾ ਇਸ ਪ੍ਰਕਾਰ ਕਰਦੇ ਹਨ :–

1. ਸਤਿਗੁਰ ਸਾਚੈ ਦੀਆ ਭੇਜਿ।। ਚਿਰ ਜੀਵਨ ਉਪਜਿਆ ਸੰਜੋਗਿ।।
੨. ਗੁਝੀ ਛੰਨੀ ਨਾਹੀ ਬਾਤ।। ਗੁਰੁ ਨਾਨਕੁ ਤੁਠਾ ਕੀਨੀ ਦਾਤਿ।।'

ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਗਟ ਹੋਣ ਨਾਲ ਘਰ-ਪ੍ਰੀਵਾਰ ਵਿੱਚ 'ਮਿਟਿਆ-ਸੋਗ' ਮਹਾਂ-ਅਨੰਦ ਥੀਆ', 'ਵਧੀ ਵੇਲਿ ਬਹੁ ਪੀੜ੍ਹੀ ਚਾਲੀ' ਅਤੇ 'ਧਰਮਕਲਾ ਹਰਿ ਬੰਧਿ ਬਹਾਲੀ' ਦੇ ਜਿਹੜੇ ਪ੍ਰਤੀ-ਕਰਮ ਉਭਰੇ ਇਹ ਵੀ ਸੰਕੇਤਕ ਰੂਪ ਵਿੱਚ ਹਰਿਗੋਬਿੰਦ ਦੀ 'ਸੰਵਾਰੀ-ਮੂਰਤਿ' ਨੂੰ ਮੂਰਤੀਮਾਨ ਕਰਕੇ ਹੇਠ ਲਿਖਿਆ ਸ਼ਬਦ ਪ੍ਰਸੰਗਿਕ ਰੂਪ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੀ 'ਪ੍ਰਕਾਸ਼-ਵਾਰਤਾ ਨੂੰ ਪੇਸ਼ ਕਰਦਾ ਹੈ:-

ਉਦਰੈ ਮਾਹਿ ਆਇ ਕੀਆ ਨਿਵਾਸੁ।। ਮਾਤਾ ਕੈ ਮਨਿ ਬਹੁਤੁ ਬਿਗਾਸੁ।।
ਜੰਮਿਆ ਪੂਤੁ ਭਗਤੁ ਗੋਵਿੰਦ ਕਾ।। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ।''(ਪੰਨਾ ੩੯੬)

ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪਹਿਲਾਂ ਹੀ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਸਮਝਦਾ ਸੀ। ਹੁਣ ਜਦੋਂ 16 ਸਾਲ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਔਲਾਦ ਨਾ ਹੋਈ ਤਾਂ ਉਸਦਾ ਅਧਿਕਾਰ ਹੋਰ ਵੀ ਪੱਕਾ ਹੋ ਗਿਆ। ਜਦੋਂ ਗੁਰੂ ਅਰਜਨ ਦੇਵ ਜੀ ਦੇ ਘਰ ਸਪੁੱਤਰ ਪੈਦਾ ਹੋ ਗਿਆ ਤਾਂ ਉਸ ਦੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ। ਉਹ ਕ੍ਰੋਧ ਤੇ ਈਰਖਾ ਦੀ ਅੱਗ ਵਿੱਚ ਸੜਨ ਲੱਗਾ। ਉਸਨੇ ਆਪਣੀਆਂ ਉਮੰਗਾ ਨੂੰ ਪੂਰਿਆਂ ਕਰਨ ਲਈ ਹਰ ਨੀਚ ਤੋਂ ਨੀਚ ਕਰਮ ਕੀਤਾ। ਜਿਸ ਦੀ ਸਿਆਣੇ ਤੇ ਦਾਨੇ ਮਨੁੱਖ ਤੋਂ ਆਸ ਨਹੀਂ ਰੱਖੀ ਜਾ ਸਕਦੀ।

'ਗੁਰ ਪੂਰੇ ਰਾਖਿਆ ਦੇ ਹਾਥ'

ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਰ ਮੁਕਾਉਣ ਦੀਆਂ ਜਿੰਨੀਆਂ ਵੀ ਸਾਜ਼ਸ਼ਾਂ ਰਚੀਆਂ ਗਈਆਂ ਉਹਨਾਂ ਵਿੱਚ ਸਭ ਤੋਂ ਪਹਿਲੀ ਸਾਜ਼ਸ਼ ਦਾਈ ਰਾਹੀਂ ਥਣਾਂ ਨੂੰ ਜ਼ਹਿਰ ਲਗਾ ਕੇ ਬੱਚੇ ਨੂੰ ਦੁੱਧ ਪਿਆਉਣ ਦੀ ਸੀ। ਪਰ 'ਜਿਸ ਦਾ ਸਾਹਿਬ ਡਾਢਾ ਹੋਇ ਤਿਸ ਨੂੰ ਮਾਰਿ ਨ ਸਕੈ ਕੋਇ' ਦੇ ਮਹਾਵਾਕ ਅਨੁਸਾਰ ਬਾਲਕ ਨੇ ਜ਼ਹਿਰੀਲਾ ਦੁੱਧ ਨਾ ਚੁੰਘਿਆ ਤੇ ਪ੍ਰਿਥੀ ਚੰਦ ਦੀ ਇਹ ਸਕੀਮ ਕਾਮਯਾਬ ਨਾ ਹੋ ਸਕੀ। ਦੂਸਰੀ ਵਾਰ ਸਪੇਰੇ ਰਾਹੀਂ ਸੱਪ ਤੋਂ ਡੰਗ ਮਰਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਸੱਪ ਨੂੰ ਬਾਲਕ ਨੇ ਹੱਥ ਵਿੱਚ ਫੜ

ਕੇ ਖੇਡਣਾਂ ਸ਼ੁਰੂ ਕਰ ਦਿੱਤਾ। ਸੱਪ ਨੇ ਡੰਗ ਨਾ ਮਾਰਿਆ ਤੇ ਇਹ ਸਾਜ਼ਸ਼ ਵੀ ਸਫਲ ਨਾ ਹੋ ਸਕੀ। ਉਨ੍ਹਾਂ ਦਿਨਾਂ ਵਿੱਚ ਅੰਮ੍ਰਿਤਸਰ ਵਿੱਚ ਚੇਚਕ ਦਾ ਰੋਗ ਫੈਲਿਆ ਹੋਇਆ ਸੀ। ਬਾਲਕ ਹਰਿਗੋਬਿੰਦ ਨੂੰ ਵੀ ਚੇਚਕ ਦਾ ਰੋਗ ਹੋਇਆ ਪਰ ਅਕਾਲ-ਪੁਰਖ ਦੀ ਕ੍ਰਿਪਾ ਨਾਲ ਆਪ ਬਿਲਕੁਲ ਨਵੇਂ-ਨਰੋਏ ਹੋ ਗਏ। ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਵਜੋਂ ਇਹ ਸ਼ਬਦ ਉਚਾਰਿਆ :-

'ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ॥੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥ ਅਰਦਾਸਿ ਸੁਣੀ ਭਗਤ ਅਪੁਨੇ ਕੀ,
ਸਭ ਜੀਅ ਭਇਆ ਕਿਰਪਾਲਾ॥'(੬੨੭)

ਪ੍ਰਿਥੀ ਚੰਦ ਨੇ ਇੱਕ ਬ੍ਰਾਹਮਣ ਰਾਹੀਂ ਹਰਿਗੋਬਿੰਦ ਜੀ ਨੂੰ ਦਹੀਂ ਵਿੱਚ ਜ਼ਹਿਰ ਮਿਲਾ ਕੇ ਖੁਆਉਣ ਦੀ ਕੋਸ਼ਿਸ਼ ਕੀਤੀ ਪਰ ਇਹ ਯੋਜਨਾ ਵੀ ਸਫ਼ਲ ਨਾ ਹੋ ਸਕੀ। ਤੇ ਸਾਰਾ ਪਾਜ ਉਘੜ ਗਿਆ।

'ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ॥'(੧੧੩੭)

ਜਦੋਂ ਕਰਤਾ-ਪੁਰਖ ਨੇ ਬਾਲਕ ਨੂੰ ਹਰ ਮੁਸੀਬਤ ਵਿਚੋਂ ਬਚਾ ਲਿਆ ਤਾਂ ਗੁਰੂ ਪਿਤਾ ਵਲੋਂ ਬਾਲਕ ਹਰਿਗੋਬਿੰਦ ਜੀ ਨੂੰ ਵਿਦਿਆ ਦੇਣ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਸਾਰੇ ਕੰਮ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਆਪ ਜੀ ਨੂੰ ਅੱਖਰੀਂ ਗਿਆਨ ਤੋਂ ਇਲਾਵਾਂ ਸ਼ਾਸਤ੍ਰ-ਵਿਦਿਆ ਘੋੜ ਸਵਾਰੀ, ਨੇਜਾ ਬਾਜੀ, ਤੀਰ-ਅੰਦਾਜੀ ਤੇ ਬੰਦੂਕ ਚਲਾਉਣ ਵਿੱਚ ਨਿਪੁੰਨ ਕੀਤਾ ਗਿਆ।

ਗਿਆਨੀ ਗਿਆਨ ਸਿੰਘ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਾਲ-ਸਰੂਪ ਨੂੰ ਬੜੀ ਨਿਪੁੰਨਤਾ ਨਾਲ ਰੂਪਮਾਨ ਕੀਤਾ ਹੈ। ਆਪ ਲਿਖਦੇ ਹਨ :-

'ਆਪ ਜੀ ਦਾ ਬੁਲੰਦ ਕੱਦ, ਸੁੰਦਰ ਚੌੜੀ ਛਾਤੀ, ਹਾਥੀ ਦੀ ਸੁੰਡ ਵਰਗੀਆ ਲੰਬੀਆਂ ਬਾਹਾ, ਮੱਥਾ, ਕੰਦੇ ਤੇ ਪੱਬ ਉਚੇ, ਦੰਦ ਚਮਕੀਲੇ, ਕਣਛ ਵੰਨਾ ਰੰਗ, ਹਿਰਨ ਵਰਗੇ ਨੇਤਰ, ਬਹੁਤ ਬਲੀ, ਸੂਰਬੀਰ ਰੂਹੀ-ਜਿਸਮਾਨੀ ਦੋਹਾਂ ਬਲਾਂ ਵਿੱਚ ਪ੍ਰਬੀਨ ਉਦਾਰ ਸੱਚੇ ਤੇ ਮਿੱਠੇ ਬੋਲ, ਹੱਸਮੁਖ ਸ੍ਰੇਸ਼ਟ ਗੁਣਾ ਨਾਲ ਭਰਪੂਰ, ਰਾਜਨੀਤੀ ਤੇ ਧਰਮ ਵਿੱਚ ਪੂਰੇ ਸਨ।''

ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ :- ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ 30 ਮਈ 1606 ਈ: ਨੂੰ ਲਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਪਿਤਾ ਗੁਰੂ ਅਰਜਨ ਦੇਵ ਜੀ ਨੇ ਲਹੌਰ ਜਾਣ ਤੋਂ ਪਹਿਲਾ (ਗੁਰੂ) ਹਰਿਗੋਬਿੰਦ ਜੀ ਨੂੰ ਅਦੇਸ਼ ਦਿੱਤਾ, 'ਬੱਚਾ ਹੁਣ ਸ਼ਸਤਰ ਪਹਿਨਣ ਦਾ ਸਮਾਂ ਆ ਗਿਆ ਹੈ। ਜ਼ਾਲਮਾਂ ਅੱਗੇ ਤੱਦ ਤੱਕ ਡਟੇ ਰਹਿਣਾ ਜਦ ਤਦ ਜ਼ੁਲਮ ਕਰਨਾ ਛੱਡ ਨਾ ਦੇਣ' ਗੁਰੂ-ਪਿਤਾ ਦੀ ਸ਼ਹੀਦੀ ਮਗਰੋਂ ਆਪ ਜੀ ਨੇ ਗੁਰ-ਗੱਦੀ ਸੰਭਾਲੀ। ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਕੇਵਲ ਕਾਇਆਂ ਹੀ ਬਦਲੀ ਜੋਤਿ ਓਹੀ ਰਹੀ। ਗੁਰੂ ਅਰਜਨ ਹੀ ਗੁਰੂ ਹਰਗੋਬਿੰਦ ਰੂਪ ਹੋ ਗਏ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

'ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।
ਅਰਜੁਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।'

ਗੁਰੂ ਹਰਗੋਬਿੰਦ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਅਜਿਹੀ ਫ਼ੌਜ ਸਾਜਣ ਦਾ ਨਿਸਚਾ ਕੀਤਾ ਜੋ ਕਿਸੇ ਵੀ ਖਤਰੇ ਤੋਂ ਨਾ ਡਰੇ। ਅਨਾਥਾਂ ਗਰੀਬਾਂ ਤੇ ਮਜ਼ਲੂਮਾਂ ਦੀ ਰਾਖੀ ਕਰੇ ਤੇ ਜ਼ਾਲਮਾਂ ਨੂੰ ਸੋਧਣ ਲਈ ਸੂਰਬੀਰ ਯੋਧਿਆਂ ਦੀ ਤਲਵਾਰ ਨਿਕਲੇ। ਸੂਰਬੀਰਾਂ ਦੀ ਤਲਵਾਰ ਗੁੱਸੇ ਵਿੱਚ ਕਦੇ ਨਾ ਨਿਕਲੇ।

ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪਹਿਨਾਉਣ ਲਈ ਆਖਿਆ ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਦੋ ਤਲਵਾਰਾਂ ਪਹਿਨਾਈਆਂ ਇੱਕ ਮੀਰੀ ਦੀ ਤੇ ਦੂਜੀ


www.AKJ.Org

ਪੀਰੀ ਦੀ। ਆਪ ਦੇ ਸਿਧਾਤ ਅਨੁਸਾਰ ਜਦੋਂ ਤਲਵਾਰ ਨੇਕੀ ਤੇ ਪਰਉਪਕਾਰ ਲਈ• ਵਰਤੀ ਜਾਂਦੀ ਹੈ ਤਾਂ ਇਹ ਕ੍ਰਿਪਾਨ ਬਣ ਜਾਦੀ ਹੈ ਜਦੋਂ ਸਮੇਂ ਦੇ ਹਾਕਮ ਤਾਕਤ ਦੇ ਨਸ਼ੇ ਵਿੱਚ ਆਕੇ ਹਰ ਚੰਗੇ ਮਾੜੇ ਤੇ ਕਹਿਰਵਾਨ ਹੋ ਜਾਣ ਤਾਂ ਉਸ ਸਮੇਂ ਮਦਹੋਸ਼ ਹਾਕਮਾਂ ਨੂੰ ਸੋਧਣ ਲਈ ਤਲਵਾਰ ਦੀ ਵਰਤੋਂ ਜ਼ਰੂਰੀ ਹੈ। ਇਹੋ ਕਾਰਨ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹੀਦੀ ਨਾਲ ਜ਼ਾਲਮਾਂ ਦੇ ਪੱਥਰ ਦਿਲ ਨਾ ਪਿਘਲੇ ਤਾਂ ਉਹਨਾਂ ਨੂੰ ਸੋਧਣ ਲਈ ਛੇਵੇਂ ਗੁਰੂ ਨੂੰ ਤਲਵਾਰ ਦਾ ਸਹਾਰਾ ਲੈਣਾ ਪਿਆ।

ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਜ਼ੁਲਮ ਦੇ ਵਿਰੁਧ ਆਵਾਜ਼ ਉਠਾਉਣਾ ਧਰਮ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣਾ ਫ਼ਰਜ਼ ਪੂਰਾ ਕਰ ਰਹੇ ਹਨ। ਉਹਨਾਂ ਨੇ ਪ੍ਰਮਾਣ ਦਿੱਤਾ ਕਿ ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ ਡੋਲ ਨਾਲ ਲੱਜ ਬਨ੍ਹਣੀ ਜ਼ਰੂਰੀ ਹੈ, ਮਣੀ ਪ੍ਰਾਪਤ ਕਰਨ ਲਈ ਸੱਪ ਨੂੰ ਮਾਰਨਾ ਜ਼ਰੂਰੀ ਹੈ, ਕਸਤੂਰੀ ਪ੍ਰਾਪਤ ਕਰਨ ਲਈ ਮਿਰਗ ਦਾ ਸ਼ਿਕਾਰ ਕਰਨਾ ਪੈਂਦਾ ਹੈ, ਤਿਲਾਂ ਵਿਚੋਂ ਤੇਲ ਕੱਢਣ ਲਈ ਉਹਨਾਂ ਨੂੰ ਕੋਹਲੂ ਵਿੱਚ ਪੀੜਨਾ ਪੈਂਦਾ ਹੈ ਤੇ ਗਿਰੀ ਖਾਣ ਲਈ ਖੋਪੇ ਨੂੰ ਤੋੜਨਾ ਪੈਂਦਾ ਹੈ, ਇਸੇ ਤਰ੍ਹਾਂ ਧਰਮ ਨੂੰ ਬੇਮੁਖਾ, ਜ਼ਾਬਰਾਂ ਤੇ ਜ਼ੁਲਮਾਂ ਤੋਂ ਬਚਾਉਣ ਲਈ ਹੱਥ ਵਿੱਚ ਤਲਵਾਰ ਫੜਨੀ ਜ਼ਰੂਰੀ ਹੈ। ਤਲਵਾਰ ਤਾਂ ਧਰਮ ਦੀ ਰੱਖਿਆ ਦਾ ਪ੍ਰਤੀਕ ਹੈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ ਤੇ ਸ਼ਕਤੀ ਨੂੰ ਇੱਕ ਥਾਂ ਤੇ ਇਕੱਠਾ ਕਰ ਦਿੱਤਾ ਜੇਕਰ ਮਨੁੱਖ ਇਕ ਸਮੇਂ ਧਰਮੀ ਸੰਤ ਹੈ ਤਾਂ ਉਹ ਉਸੇ ਸਮੇਂ ਹੀ ਦੁਸ਼ਮਣ ਲਈ ਫੌਜੀ ਸਿਪਾਹੀ ਵੀ ਹੈ। ਗੁਰੂ ਜੀ ਦੁਆਰਾ ਪਹਿਨੀਆਂ ਗਈਆਂ ਦੋ ਤਲਵਾਰਾਂ ਵਿਚੋਂ ਇੱਕ ਪੀਰੀ ਦੀ ਜੋ ਧਰਮ ਸਤਾ ਦਾ ਪ੍ਰਤੀਕ ਸੀ। ਇੱਕ ਸੰਤ ਤਾਈ ਨੂੰ ਪ੍ਰਗਟ ਕਰਦੀ ਸੀ ਦੂਸਰੀ ਸਿਪਾਹੀ ਬਿਰਤੀ ਨੂੰ।

**ਸਚੈ ਤਖਤ ਰਚਾਇਆ :-** ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਪਿਛੋਂ ਜਲਦੀ ਹੀ ਹਰਿਮੰਦਰ ਸਾਹਿਬ ਦੇ ਸਾਹਮਣੇਂ ਸ੍ਰੀ ਅਕਾਲ ਤਖਤ ਦੀ ਸਿਰਜਣਾ ਕੀਤੀ ਤੇ ਇਹ ਸਿੱਧ ਕੀਤਾ ਕਿ ਸੰਸਾਰੀ ਤਖ਼ਤ ਤਾ ਨਾਸ਼ਵਾਨ ਹਨ ਪਰ ਅਕਾਲ ਤਖ਼ਤ ਸਦੀਵੀ ਹੈ ਅਕਾਲ ਤਖ਼ਤ ਦੀ ਸਥਾਪਨਾ ਨਾਲ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਬੜਾਵਾ ਮਿਲਿਆ। ਗੁਰੂ ਜੀ ਲੋਕਾਂ ਦੇ ਆਪਸੀ ਝਗੜੇ ਪਲਾਂ ਵਿੱਚ ਨਿਬੇੜ ਦੇਂਦੇ ਸਨ। ਗੁਰੂ ਜੀ ਨੂੰ ਲੋਕਾ ਸੱਚਾ ਪਾਤਸ਼ਾਹ ਕਹਿਣ ਲਗੇ ਤੇ ਇਹ ਵੇਖਕੇ ਜਹਾਂਗੀਰ ਨੂੰ ਆਪਣੀ ਸ਼ਕਤੀ ਘਟਦੀ ਜਾਪੀ। ਉਸਨੇ ਗੁਰੂ ਜੀ ਨੂੰ ਬੁਲਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਅਤੇ ਲੋਕਾ ਨੂੰ ਗੁਮਰਾਹ ਕਰਨ ਲਈ ਕਹਿ ਦਿੱਤਾ ਕਿ ਗੁਰੂ ਜੀ ਤਾਂ ਉਥੇ ਤਪ-ਸਾਧਨਾ ਕਰਨ ਲਈ ਚਾਲੀਹਾ ਕੱਟ ਰਹੇ ਹਨ। ਗੁਰੂ ਜੀ ਦੀ ਗ੍ਰਿਫਤਾਰੀ ਨੂੰ ਲੈ ਕੇ ਸਾਰੇ ਸਿੱਖ ਜਗਤ ਵਿੱਚ ਰੋਸ ਦੀ ਲਹਿਰ ਦੋੜ ਗਈ।

ਸਿੱਖਾ ਨੇ ਆਪਣੀ ਮਨੋ-ਵੇਦਨਾ ਪ੍ਰਗਟ ਕਰਨ ਲਈ ਸ਼ਾਂਤਮਈ ਅੰਦੋਲਨ ਸ਼ੁਰੂ ਕਰ ਦਿੱਤਾ। ਪੰਜ ਸਿੱਖ ਇੱਕ ਮਸ਼ਾਲ ਤੇ ਇੱਕ ਝੰਡਾ ਲੈ ਕੇ ਨਿਕਲਦੇ ਤੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕਹਿੰਦੇ, ਹਰ ਇੱਕ ਪਿੰਡ ਵਿੱਚੋਂ ਪੰਜ ਸਿੱਖ ਤਿਆਰ ਹੁੰਦੇ ਤੇ ਦੂਸਰੇ ਪਿੰਡ ਪਹੁੰਚਦੇ ਇਸ ਤਰ੍ਹਾਂ ਸਾਰੇ ਪੰਜਾਬ ਵਿੱਚ ਇੱਕ ਚੇਨ ਬਣ ਜਾਂਦੀ। ਸਿੱਖ ਗਵਾਲੀਅਰ ਦੇ ਕਿਲ੍ਹੇ ਤੱਕ ਪਹੁੰਚਦੇ ਕਿਲ੍ਹੇ ਦੀਆਂ ਦੀਵਾਰਾਂ ਨੂੰ ਮੱਥਾ ਟੇਕ ਕੇ ਵਾਪਸ ਆ ਜਾਂਦੇ ਅਖੀਰ ਬਾਦਸ਼ਾਹ ਨੂੰ ਜਨਤਕ ਅੰਦੋਲਨ ਅੱਗੇ ਝੁਕਣਾ ਪਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੰਦੀ ਛੋੜ ਸਤਿਗੁਰੂ ਕਿਹਾ ਜਾਂਦਾ ਹੈ। ਅਸਲ ਵਿੱਚ ਗੁਰੂ ਹਮੇਸ਼ਾਂ ਬੰਦੀ ਛੋੜ ਹੈ ਉਹ ਬੰਧਨ-ਮੁਕਤ ਕਰਨ ਲਈ ਸ਼ਕਤੀ-ਸੰਪੰਨ ਹੈ; ਗੁਰੂ ਨੂੰ ਕਦੇ ਬੰਦੀ ਵਿੱਚ ਨਹੀਂ ਪਾਇਆ ਜਾ ਸਕਦਾ। ਗੁਰੂ ਸਰਬ-ਸਮਰੱਥੀ ਗੁਰੂ ਹਰਿਗੋਬਿੰਦ ਜੀ ਦਾ ਗਵਾਲੀਅਰ ਦੇ ਕਿਲ੍ਹੇ ਵਿੱਚ ਜਾਣਾ ਤੇ ਉਥੋਂ ਰਾਜਸੀ ਕੈਦੀਆਂ ਨੂੰ ਮੁਕਤ ਕਰਵਾਉਣ ਜਾਣਾ ਤਾਂ ਇੱਕ ਕੌਤਕ ਹੀ ਸੀ। ਗੁਰੂ ਜੀ ਕਿਲ੍ਹੇ ਵਿੱਚ ਹਰ ਸਮੇਂ ਭਜਨ ਬੰਦਗੀ ਵਿੱਚ ਰਹਿ ਕੇ ਅਨੰਦ ਮਾਣਦੇ ਸਨ।

ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਮਨੁੱਖਤਾਂ ਦੀ ਆਜ਼ਾਦੀ, ਬਰਾਬਰੀ, ਸਵੈਮਾਨ ਤੇ ਜ਼ਬਰ-ਜ਼ੁਲਮ ਦੇ ਵਿਰੁਧ ਚਾਰ ਯੁੱਧ ਕੀਤੇ। ਪਹਿਲਾ ਸ੍ਰੀ ਅੰਮ੍ਰਿਤਸਰ, ਦੂਸਰਾ ਸ੍ਰੀ ਹਰਿਗੋਬਿੰਦਪੁਰ, ਤੀਸਰਾ ਨਥਾਣਾ ਤੇ ਚੋਥਾ

ਕਰਤਾਰਪੁਰ- ਪਰ ਕਿਸੇ ਵਿੱਚ ਵੀ ਆਪ ਪਹਿਲਾਂ ਹਮਲਾਵਰ ਨਹੀਂ ਹੋਏ, ਕਿਸੇ ਵਿੱਚ ਵੀ ਜਰ ਜੋਰੂ ਤੇ ਜ਼ਮੀਨ ਦਾ ਕਾਰਨ ਨਹੀਂ ਸੀ। ਸਾਰੇ ਹੀ ਯੁੱਧ ਸਵੈ-ਰੱਖਿਆ ਤੇ ਸਵੈਮਾਨ ਦੀ ਬਹਾਲੀ ਲਈ ਸਨੇ ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਵਿਰੁੱਧ ਵਿੱਚ ਹੋਏ ਇਨ੍ਹਾਂ ਯੁੱਧਾਂ ਨੇ ਸਿੱਖਾਂ ਵਿੱਚ ਸਵੈ-ਵਿਸ਼ਵਾਸ਼ ਤੇ ਭਰੋਸਾ ਭਰਿਆ ਅਤੇ ਉਹਨਾ ਨੂੰ ਆਪਣੇ ਬਾਹੂ-ਬਲ ਦਾ ਅਹਿਸਾਸ ਹੋਇਆ। ਸਿੱਖ ਕੌਮ ਗੁਰੂ ਜੀ ਦੀ ਅਗਵਾਈ ਵਿੱਚ ਪੱਕੇ ਪੈਰੀਂ ਖੜੀ ਹੋ ਗਈ।

ਗੁਰੂ ਜੀ ਨੇ ਆਪਣੇਂ ਜੀਵਨ ਕਾਲ ਵਿੱਚ ਲੋਹਗੜ੍ਹ, ਸ੍ਰੀ ਅਕਾਲ ਤਖਤ, ਡੇਹਰਾ ਸਾਹਿਬ ਲਹੌਰ, ਕੀਰਤਪੁਰ, ਮਹਿਰਾਜ, ਕੌਲਸਰ, ਬਿਬੇਕਸਰ ਤੇ ਗੁਰਸਰ ਆਦਿ ਸਥਾਨ ਰਚੇ।

ਗੁਰੂ ਜੀ ਦੀ ਸਖਸ਼ੀਅਤ ਨੂੰ ਰੂਪਮਾਨ ਕਰਨਾ ਅਸੰਭਵ ਹੈ; ਆਪ ਸੂਰਬੀਰਤਾ, ਧੀਰਜ ਉਦਾਰਤਾ, ਸਹਿਣਸ਼ੀਲਤਾ, ਨਿਡਰਤਾ, ਸੁੰਤਤਰਤਾ, ਕਰਤੱਵ ਪਾਲਣ, ਸ਼ਰਨ ਆਏ ਦੀ ਸਹਾਇਤਾ ਕਰਨਾ ਆਦਿ ਸ਼ੁਭ ਗੁਣਾ ਦੀ ਖਾਣ ਸਨ। ਆਪ ਜੀ ਦਾ ਪਹਿਰਾਵਾ ਬਾਦਸ਼ਾਹਾਂ ਵਾਲਾ ਤੇ ਰਹਿਣੀ ਫ਼ਕੀਰਾਂ ਵਾਲੀ ਸੀ।

ਸਵੇਰ ਵੇਲੇ ਪਾਠ, ਕਥਾ ਕੀਰਤਨ ਉਪਰੰਤ ਉਪਦੇਸ਼ ਕਰਦੇ। ਦੁਪਿਹਰੇ ਲੰਗਰ ਦੇ ਪ੍ਰਬੰਧ ਦੀ ਨਿਗਰਾਨੀ ਕਰਦੇ ਤਾਂ ਜੋ ਕੋਈ ਗਰੀਬ ਭੁਖਾ ਨਾ ਰਹਿ ਜਾਵੇ। ਸ਼ਾਮ ਨੂੰ ਫੌਜਦਾਰੀ ਮੁਕੱਦਮੇ ਸੁਣਦੇ- ਦੋਵੇਂ ਧਿਰਾਂ ਫੈਸਲਾ ਪ੍ਰਵਾਨ ਕਰਦੀਆਂ। ਫਿਰ ਸਰੀਰਕ ਕਸਰਤ ਦੇ ਕਰਤੱਬ ਵੇਖਦੇ, ਪਿਛੋਂ ਯੋਧਿਆਂ ਦੀਆਂ ਵਾਰਾਂ ਸੁਣਦੇ। ਰਹਿਰਾਸ ਜੀ ਦਾ ਪਾਠ ਕਰਨ ਉਪਰੰਤ ਆਪਣੇ ਦਿਨ ਦੇ ਕਾਰ-ਵਿਹਾਰ ਨੂੰ ਸਮਾਪਤ ਕਰਦੇ। ਇਸ ਤਰ੍ਹਾਂ ਗੁਰੂ ਜੀ 48 ਸਾਲ ਨੌ ਮਹੀਨੇ ਚਾਰ ਦਿਨ ਦੀ ਸੰਸਾਰਕ ਯਾਤਰਾ ਸੰਪੂਰਨ ਕਰਕੇ ਨਿਰੰਕਾਰ ਵਿੱਚ ਲੀਨ ਹੋ ਗਏ।

---

(ਪੰਨਾ ੧੨ ਦਾ ਬਾਕੀ ..)

ਦਿੱਲੀ ਦੇ ਤਖ਼ਤ ਉਤੇ ਬੈਠੇ ਜਹਾਂਗੀਰ ਦੀ ਦੁਸ਼ਮਨੀ ਤਾਂ ਸਿਖ਼ਰ ਤੇ ਪਹੁੰਚ ਚੁੱਕੀ ਸੀ। ਸ਼ਹਾਦਤ ਦਾ ਜਾਮ ਇਸੇ ਦੁਸ਼ਮਨੀ ਦਾ ਸਿੱਟਾ ਸੀ। ਇਸ ਤਰ੍ਹਾਂ ਆਪ ਸਦਾ ਹੀ ਵੈਰ ਵਿਰੋਧ ਦੀ ਬਲਦੀ ਭੱਠੀ ਦਾ ਸੇਕ ਝੱਲਦੇ ਰਹੇ ਪਰ

ਮਨਿ ਸਾਚਾ ਮੁਖਿ ਸਾਚਾ ਸੋਇ।। ਅਵਰੁ ਨ ਪੇਖੈ ਏਕਸੁ ਬਿਨੁ ਕੋਇ।।

ਵਾਲੀ ਅਵਸਥਾ ਵਿਚ ਵਿਚਰਦੇ ਹੋਏ, ਬ੍ਰਹਮ ਗਿਆਨੀ ਦੇ ਰੂਪ ਵਿਚ ਸੰਸਾਰ ਨੂੰ ਸ਼ਾਂਤ ਕਰਨ ਦੇ ਸਾਧਨ ਜੁਟਾਉਂਦੇ ਰਹੇ। ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਸਿਰਜਨਾ; ਆਦਿ ਬੀੜ ਦੀ ਸੰਪਾਦਨਾ ਅਤੇ ਹਰਿਮੰਦਰ ਸਾਹਿਬ ਵਿਚ ਬਾਣੀ ਗੁਰੂ ਦੀ ਸਥਾਪਨਾ, ਤਰਨਤਾਰਨ ਕਰਤਾਰਪੁਰ ਆਦਿ ਨਗਰ ਵਸਾਉਣੇ, ਰੋਗੀਆਂ, ਖਾਸ ਕਰਕੇ ਕੁਸ਼ਟ ਰੋਗ ਵਾਲੇ ਰੋਗੀਆਂ ਦੀ ਸੇਵਾ ਸੰਭਾਲ ਅਤੇ ਦੁਆਦਾਰੂ ਦਾ ਪ੍ਰਬੰਧ ਕਰਨਾ। ਦੋ ਹਰਟੇ, ਚਾਰ ਹਰਟੇ, ਛੇ ਹਰਟੇ ਖੂਹ ਲੁਆ ਕੇ ਪਾਣੀ ਦੀ ਘਾਟ ਪੂਰੀ ਕਰਨੀ, ਸੰਗਤ ਤੇ ਪੰਗਤ ਦੀ ਸੇਵਾ ਵਿਚ ਮਗਨ, ਬਾਲਕ ਹਰਿਗੋਬਿੰਦ ਨੂੰ ਆਤਮਿਕ ਸਿਖਿਆਵਾਂ ਦੇ ਨਾਲ ਨਾਲ ਸ਼ਸਤ੍ਰ ਵਿਦਿਆ ਵਿਚ ਨਿਪੁੰਨ ਕਰਨਾ, ਇਤਿਆਦਿ ਕਾਰਜ ਆਪ ਦੀ ਸ਼ਾਂਤ ਸਰੂਪਤਾ ਅਤੇ ਇਕਾਗਰ ਬਿਰਤੀ ਦਾ ਪ੍ਰਤੱਖ ਪ੍ਰਮਾਣ ਹਨ। ਆਪ ਜੀ ਦਾ ਆਪਣਾ ਕਥਨ ਆਪ ਜੀ ਦੀ ਅਵਸਥਾ ਤੇ ਪੂਰੀ ਤਰ੍ਹਾਂ ਢੁੱਕਦਾ ਹੈ :

ਥਿਰ ਥਿਰ ਚਿਤ ਥਿਰ ਹਾਂ।। ਬਨੁ ਗ੍ਰਿਹੁ ਸਮਸਰਿ ਹਾਂ।।
ਅੰਤਰਿ ਏਕ ਪਿਰ ਹਾਂ।। ਬਾਹਰਿ ਅਨੇਕ ਧਰਿ ਹਾਂ।।
ਰਾਜਨ ਜੋਗੁ ਕਰਿ ਹਾਂ।। ਕਹੁ ਨਾਨਕ ਲੋਗ ਅਲੋਗੀ ਰੀ ਸਖੀ।। (ਪੰਨਾ ੪੦੯)

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਸੀਤਲਤਾ ਦੇ ਸੋਮੇ, ਸਹਿਨਸ਼ੀਲਤਾ ਦਾ ਮੁਜੱਸਮਾ, ਖਿੰਥਾ ਹੰਢਾਉਣ ਵਾਲੇ, ਸੁਖਮਨੀ ਦੇ ਰਚਨਹਾਰ ਦੀਆਂ ਬੇਅੰਤ ਦਾਤਾਂ ਨੂੰ ਚੇਤੇ ਕਰਕੇ ਅਵੱਸ਼ ਹੀ ਭਾਈ ਸਾਹਿਬ ਭਾਈ ਗੁਰਦਾਸ ਜੀ ਨਾਲ ਸੁਰ ਮਿਲਾ ਕੇ ਗਾਉਣ ਦੀ ਲੋਚਾ ਪੈਦਾ ਹੁੰਦੀ ਹੈ:

''ਗੁਰੂ ਅਰਜਨ ਵਿਟਹੁ ਕੁਰਬਾਨੀ''


www.AKJ.Org

# ਸੋਨੇ ਦੀ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਡਾ: ਮਾਲਿਕ ਸਿੰਘ )

ਦਸ਼ਮੇਸ਼, ਕਲਗੇਸ਼, ਖੜਗੇਸ਼ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਪੰਚ ਭੂਤਕ ਦੇਹ ਦੇ ਤਿਆਗਨ ਸਮੇਂ ਸ੍ਰੀ ਹਜ਼ੂਰ ਸਾਹਿਬ ਜੀ ਪਵਿਤ੍ਰ ਭੂਮੀ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੱਦੀ ਸੌਂਪਨ ਸਮੇਂ ਪੰਥ ਦੇ ਨਾਮ ਅੰਤਮ ਹੁਕਮ ਉਪਦੇਸ਼ ਪੂਜਾ ਅਕਾਲ ਦੀ, ਪਰਚਾ ਗੁਰ ਸ਼ਬਦ ਦਾ, ਦੀਦਾਰ ਖਾਲਸੇ ਦਾ ਨੂੰ ਦ੍ਰਿੜ੍ਹ ਕਰਾਉਣ ਲਈ ਪੰਥ ਵਿੱਚ ਅਨੇਕ ਮਹਾਨ ਹਸਤੀਆਂ ਹੋਂਦੀਆਂ ਆਈਆਂ ਵਿੱਚੋਂ ਉਨੀਸਵੀ ਸਦੀ ਦੀ ਮਹਾਨ ਹਸਤੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜਿਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ, ਵਲੋਂ ਉਹਨਾਂ ਦੀਆਂ ਪੰਥ ਪ੍ਰਤਿ ਕੀਤੀਆਂ ਗਈਆਂ ਘਾਲਣਾ, ਸਹਾਰੇ ਗਏ ਤਸੀਹੇ ਅੰਗ੍ਰੇਜ਼ ਸਰਕਾਰ ਵਲੋਂ ਦਿਤੇ ਗਏ ਕਸ਼ਟਾਂ ਅਤੇ ਗੁਰਮਤਿ ਦੇ ਅਸੂਲਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣ ਅਤੇ ਪ੍ਰਚਾਰਣ ਦੀ ਸੇਵਾ ਨੂੰ ਮੁਖ ਰੱਖ ਕੇ, 15 ਸਤੰਬਰ 1931 ਨੂੰ ਸਿੰਘ ਸਾਹਿਬ, ਜਥੇਦਾਰ ਗੁਰਮੁਖ ਸਿੰਘ ਜੀ ਦੇ ਕਰ ਕਮਲਾਂ ਨਾਲ, ਤਖਤ ਸਾਹਿਬ ਵਲੋਂ, ਇਕ ਸ੍ਰੀ ਸਾਹਿਬ, ਸਿਰੋਪਾਉ ਤੇ ਹੁਕਮ ਨਾਮੇ ਦੀ ਬਖਸ਼ੀਸ਼ ਹੋਈ। ਇਹ ਬੜੇ ਫਖਰ ਅਤੇ ਮਹਾਨ ਸਤਿਕਾਰ ਦੀ ਗਲ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹੁਕਮ ਨਾਮੇ ਦੀ ਇਹ ਬਖਸ਼ੀਸ਼ ਫੀ ਜ਼ਮਾਨਾਂ ਤੇ ਸਿਖ ਰਾਜ ਤੋਂ ਪਿਛੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੂਜੇ ਵਿਅਕਤੀ ਸਨ ਜਿਨਾਂ ਨੂੰ ਏਹ ਮਾਣ, ਸਤਿਕਾਰ ਪ੍ਰਾਪਤ ਹੋਇਆ। (ਪਹਿਲੀ ਮਹਾਨ ਹਸਤੀ ਸਤਿਕਾਰ ਯੋਗ ਮਾਨਯੋਗ ਬਾਬਾ ਖੜਗ ਸਿੰਘ ਜੀ ਸਨ ਜਿਨ੍ਹਾਂ ਨੂੰ ਡੇਰਾ ਗ਼ਾਜ਼ੀ ਖਾਂ ਜੇਲ ਤੋਂ ਰਿਹਾ ਹੋਣ ਤੇ 1927 ਵਿੱਚ ਸ੍ਰੀ ਅਕਾਲ ਤਖਤ ਤੋਂ ਬਖਸ਼ਸ ਪ੍ਰਾਪਤ ਹੋਈ। ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮ ਨਾਮੇ ਦੀ ਹੂ ਬ ਹੂ ਨਕਲ ਏਹ ਹੈ:-

ੴ ਵਾਹਿਗੁਰੂ ਜੀ ਕੀ ਫਤਹ

ਸ੍ਰੀ ਅਕਾਲ ਤਖਤ ਸਾਹਿਬ ਜੀ ਹਾਜਰ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋਗ ਉਨ੍ਹਾਂ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨ. ਅਰ ਗੁਰੂ ਪੰਥ ਦੀ ਉਘੀ ਸੇਵਾ ਲਈ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ। ਅਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਿਰੋਪਾਉ ਦੀ ਬਖਸ਼ੀਸ਼ ਕ਼ੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਉਤੇ ਗੁਰੂ ਦੀਆਂ ਖੁਸ਼ੀਆਂ ਹੋਣ। ਉਨ੍ਹਾਂ ਦਾ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।

ਮੋਹਰ

ੴ ਸ੍ਰੀ ਅਕਾਲ ਜੀ ਸਹਾਇ। 30 ਭਾਦੋਂ ਸ. ਨਾਨਕ ਸਾਹੀ 461<br>
ਸ੍ਰੀ ਅਕਾਲ ਤਖਤ ਸਾਹਿਬ .. .. .. .. ਬਿਕਰਮੀ 1988<br>
15 ਸਤਬੰਰ ਸੰਨ ਈਸਵੀ 1931

ਗੁਰਮੁਖ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

## ਜੀਵਨ ਬ੍ਰਿਤਾਂਤ ਸੰਖੇਪ

ਭਾਈ ਸਾਹਿਬ ਜੀ ਦਾ ਜਨਮ 7 ਜੁਲਾਂਈ 1878 ਈ ਪਿਤਾ ਸ. ਨੱਥਾ ਸਿੰਘ ਜੀ ਦੇ ਗ੍ਰਿਹ ਵਿਖੇ, ਮਾਤਾ ਦੀ ਪਵਿਤ੍ਰ ਕੁੱਖ ਤੋਂ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਪੰਜਾਬ ਵਿੱਚ ਹੋਇਆ। ਆਪ ਬਚਪਨ ਤੋਂ ਹੀ ਧਾਰਮਕ ਰੁਚੀ ਵਾਲੇ ਅਤੇ ਤਿਆਗੀ ਸੁਭਾਅ ਵਾਲੇ ਸਨ। ਸੰਸਾਰਕ ਵਿਦਿਆ ਆਪ ਜੀ ਦੀ ਬੀ. ਏ. ਸੀ। ਆਪ ਜੀ ਨੇ 14 ਜੂਨ 1903 ਨੂੰ ਅੰਮ੍ਰਿਤ ਪਾਨ ਕੀਤਾ। ਗੁਰੂ ਬਖਸ਼ਸ ਦੁਆਰਾ ਆਪ ਜੀ ਦੇ ਅੰਦਰ 'ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ' ਦਾ ਚਮਤਕਾਰ ਐਬਟਾਬਾਦ ਵਿੱਚ ੨੦-੨੩ ਨਵੰਬਰ ੧੯੦੪ ਦੇ ਦੋਰਾਨ ਵਾਪਰਿਆ ਜਦੋਂ ਕਿ ਆਪ ਜੀ ਉਮਰ ਚੜਦੀ ਜਵਾਨੀ ੨੬ ਸਾਲ ਦੇ ਲਗਭਗ ਸੀ। ਆਪ ਜੀ ਕੁਝ ਸਮਾਂ ਸਰਕਾਰੀ ਉਚ ਅਹੁਦੇ 'ਤਹਸੀਲਦਾਰ' ਤੇ ਰਹੇ ਪਰ ਧਾਰਮਕ ਪਰਿਵਰਤੀ ਵਿੱਚ ਘਾਟਾ ਮਹਸੂਸ ਕਰਦੇ ਹੋਏ ਆਪ ਨੇ ਖੁਦ ਹੀ ਵਿਡਾਣੀ ਚਾਕਰੀ ਛੱਡ ਦਿੱਤੀ। ਆਪ ਜੀ ਨੇ ਜੇਲ ਚਿਠੀਆਂ ਪੁਸਤਕ ਦੇ ਪੰਨੇ ੨੬-੨੭ ਤੇ ਇਸ ਬਾਰੇ ਲਿਖਿਆ ਹੈ :-

...... ਏਸ ਘਾਟੇ ਵਾਲੇ ਸੌਦੇ ਵਿੱਚ ਪੈ ਕੇ ਖ਼ੇਪੋਂ ਖਾਲੀ ਜਾਣ ਵਾਲੀ ਗਲ ਮੇਰੇ ਨਾਲ ਹੋਣੀ ਹੈ। ਇਸ ਕਰਕੇ ਮੈ ਇਸ ਘਾਟੈ ਵਾਲੇ ਸੌਦੇ ਵਿੱਚ ਕਦੇ ਭੀ ਨਹੀਂ ਪੈਣਾ ਚ੍ਾਹੁੰਦਾ ਤੇ ਨ ਹੀ ਪਵਾਂਗਾ। ਮੇਰਾ ਇਕ ਟਕੇ ਵਰਗਾ ਕੋਰਾ ਜਵਾਬ ਸੁਣ ਕੇ ਡਿਪਟੀ ਕਮਿਸ਼ਨਰ ਤੇ ਡਾਕਟਰ ਫਿਸ਼ਰ ਨੇ ਮੇਰੇ ਪਿਤਾ ਹੋਰਾਂ ਨੂੰ ਸਨਮੁਖ ਹੋ ਕੇ ਕਿਹਾ ਕਿ, ਸਰਦਾਰ ਸਾਹਿਬ ਅਫ਼ਸੋਸ। ਆਪ ਕਾ ਲੜਕਾ ਨਾ ਆਪ ਕੇ ਕਾਮ ਕਾ ਰਹਾ ਨਾ ਹਮਾਰੇ ਕਾਮ ਕਾ। ਤੁਮਾਰੇ ਹਾਥ ਸੇ ਗਿਆ। ਔਰ ਹਮਾਰੇ ਹਾਥ ਭੀ ਨਾ ਆਇਗਾ।

ਅਫਸੋਸ ਕਿ ਗ੍ਰਰਨਮਿੰਟ ਕੇ ਹਾਥ ਸੇ ਏਕ ਸੋਨੇ ਕੀ ਚਿੜੀਆ ਜਾਤੀ ਹੈ ਬੜੇ ਅਫਸੋਸ ਕੀ ਬਾਤ ਹੈ ਕਿ ਆਪ ਕੀ ਉਮੈਦ ਪੂਰੀ ਨਾ ਹੁਈ, ਔਰ ਹਮ ਕੋ ਭੀ ਸਖਤ ਮਾਯੂਸੀ ਹੁਈ ....॥ ਇਹ ਹੈ ਮੇਰੀ ਸੰਖੇਪ ਦਾਸਤਾਨ ਸਰਕਾਰੀ ਨੌਕਰੀ ਕਰਨ ਦੀ ਤੇ ਕਰਕੇ ਛੱਡ ਦੇਣ ਦੀ ਅਤੇ ਛੱਡ ਕੇ ਮੁੜ ਕਦੇ ਨ ਕਰਨ ਦੀ॥

ਦੋ ਸ੍ਰੀ ਅਖੰਡ ਪਾਠ ਵਾਰੀ ਵਾਰੀ ਇਕੋ ਇਕ ਚਉਕੜੇ ਸੁਣਨਾ । ਭਾਈ ਸਾਹਿਬ ਜੀ ਨੇ ਦੋ ਸੰਪੂਰਨ ਸ੍ਰੀ ਅਖੰਡ ਪਾਠ ਇਕੋ ਚਉਕੜੇ ਵਾਰੀ ਵਾਰੀ ਸ੍ਰਵਣ ਕੀਤੇ। ਪਹਿਲੇ ਦਾ ਭੋਗ ੨੩ ਨਵਬੰਰ 1904 ਵਿੱਚ ਪਿਆ ਤੇ ਦੂਜੇ ਦਾ 13 ਜਨਵਰੀ 1905 ਵਿੱਚ ।

ਪੰਥਕ ਪ੍ਰਸਿਧ ਹਸਤੀਆਂ ਦੀ ਪ੍ਰੇਰਨਾ ਨੇ ਆਪ ਜੀ ਨੂੰ 1907 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਮੈਨੇਜਰ ਦੀ ਸੇਵਾ ਸੰਭਾਲਨ ਲਈ ਮਜਬੂਰ ਕੀਤਾ ਜੋ ਆਪ ਜੀ ਨੇ ਪੰਥਕ ਸੇਵਾ ਨੂੰ ਮੁੱਖ ਰੱਖ ਕੇ ਥੋੜਾ ਸਮਾਂ ਕੀਤੀ ਪਰ ਫਿਰ ਜਲਦੀ ਹੀ ਗੁਰੂ ਸਾਹਿਬਾਂ ਨੇ ਇਸ ਸੇਵਾ ਤੋਂ ਬੰਦ ਖਲਾਸੀ ਕਰਵਾ ਦਿਤੀ। ਇਸੇ ਤਰ੍ਹਾਂ ਫਿਰ ਮੱਲੋ ਮੱਲੀ 1908 ਵਿੱਚ ਖਾਲਸਾ ਦੀਵਾਨ ਦਮਦਮਾ, ਗੁਰੂ ਕੀ ਕਾਸ਼ੀ ਵਿੱਚ ਗੁਰਮਤਿ ਵਿਦਿਆ ਦੇ ਪ੍ਰਚਾਰ ਹਿਤ ਸਕੱਤ੍ਰ ਦੀ ਸੇਵਾ ਤੇ ਥਾਪਿਆ ਗਿਆ। ਪਰ ਆਪ ਜੀ ਦੀ ਬ੍ਰਿਤੀ ਇਸ ਸੇਵਾ ਤੋਂ ਭੀ ਉਪਰਾਮ ਹੋ ਗਈ ਜਿਸ ਕਾਰਨ ਆਪਨੇ ਥੋੜੇ ਸਮੇਂ ਬਾਦ ਹੀ ਇਹ ਸੇਵਾ ਭੀ ਆਤਮਕ ਰੰਗ ਵਿੱਚ ਘਾਟ ਸਮਝਦੇ ਹੋਏ ਛੱਡ ਦਿਤੀ। ਆਪ ਜੀ ਇਸ ਤੋਂ ਬਾਦ ਨਿਰੋਲ ਕੀਰਤਨ ਮੰਡਲਾਂ ਵਿੱਚ ਨਾਮ ਰਸ ਮਾਨਣ ਲੱਗ ਪਏ।

**ਦੇਸ਼ ਕੌਮ ਦੀ ਸੇਵਾ ਖਾਤਰ ਜੇਲ ਯਾਤਰਾ**

ਅਗ੍ਰੇਜ਼ੀ ਰਾਜ ਸੀ। ਹਰ ਪਾਸੇ ਅਤਿਆਚਾਰ ਤੇ ਦੇਸ਼ ਤੋਂ ਅਗ੍ਰੇਜ਼ਾਂ ਨੂੰ ਸਦਾ ਲਈ ਕਢਨ ਲਈ ਸਤਿਆਗ੍ਰਿਹ ਚਲ ਰਹੇ ਸਨ। ਸਮੇਂ ਦੀ ਮੰਗ ਸੀ ਕਿ ਦੇਸ਼ ਕੌਮ ਦੀ ਖਾਤਰ ਅਪਨਾ ਹਿਸਾ ਇਸ ਅਜ਼ਾਦੀ ਵਿੱਚ ਪਾਇਆ ਜਾਏ। ਗੁਰੂ ਗੋਬਿੰਦ ਜੀ ਦੇ ਸੰਤ-ਸਿਪਾਹੀ ਉਪਦੇਸ਼ ਅਤੇ ਪੰਥਕ ਸਰਗਰਮੀਆਂ ਵਿੱਚ ਆਪ ਜੀ ਨੇ ਵੱਧ ਚੜ੍ਹ ਕੇ ਹਿਸਾ ਲਿਆ । ਕੁਝ ਜਥੇ ਦੇ ਸਿੰਘ ਸਮੇਤ 18 ਫਰਵਰੀ 1915 ਨੂੰ ਫੀਰੋਜ਼ਪੁਰ ਛਾਉਣੀ ਕਿਲੇ ਤੇ ਧਾਵਾ ਕਰਨ ਗਏ।

ਭਾਈ ਸਾਹਿਬ ਜੀ 9 ਮਈ 1915 ਈ: ਨਾਭੇ ਨਜ਼ਰਬੰਦ ਕੀਤੇ ਗਏ। ਲਾਹੌਰ ਸਾਜ਼ਸ਼ ਵਿਚ 30 ਮਾਰਚ 1916 ਨੂੰ ਸਰਕਾਰ ਅੰਗ੍ਰੇਜ਼ੀ ਵਿਰੁਧ ਬਗਾਵਤ ਦੇ ਦੋਸ਼ ਵਿੱਚ ਉਮਰ ਕੈਦ (ਕਾਲੇ ਪਾਣੀ) ਤੇ ਜ਼ਬਤੀ ਜਾਇਦਾਦ ਦੀ ਸਜ਼ਾ ਹੋਈ। ਦੇਸ਼ ਦੀਆਂ ਕਈ ਜੇਲਾਂ ਦੀ ਆਪ ਨੇ ਯਾਤ੍ਰਾ ਕੀਤੀ। ਆਪ ਜੀ ਨੂੰ ਸਿਖੀ ਤੋਂ ਡੇਗਨ ਲਈ., ਸਿਖੀ ਅਸੂਲਾਂ ਤੋਂ ਗਿਰਾਨ ਲਈ, ਅਤਿ ਕਰੜੀਆਂ ਸਜ਼ਾਵਾ ਦਿਤੀਆਂ ਗਈਆਂ। ਹਰ ਤਸੀਹੇ ਦਿਤੇ ਗਏ ਪਰ ਆਪ ਨੇ ਤਸ਼ਦਦ ਹਰ ਜ਼ੁਲਮ, ਹਰ ਕਸ਼ਟ ਨੂੰ ਗੁਰੂ ਆਸਰੇ ਸਹਾਰਿਆ ਤੇ ਅਡੋਲ ਰਹੇ। ਜੇਲਾਂ ਵਿੱਚ ਭੀ ਆਪ ਨਾਮ ਬਾਣੀ ਦੀ ਅਤੁਟ ਕਮਾਈ ਕਰਦੇ ਰਹੇ ਤੇ ਅਣਗਿਣਤ ਪ੍ਰਾਣੀਆਂ ਨੂੰ ਜੇਲਾਂ ਵਿਚ ਭੀ ਗੁਰਮਤਿ ਦਾ ਪਾਂਧੀ ਬਨਾਇਆ। ਆਪ ਜੀ ਦੀ ਜੇਲ ਯਾਤ੍ਰਾ ਜੇਲ ਚਿਠੀਆਂ ਪੜਨ ਤੇ ਰੌਂਗਟੇ ਖੜੇ ਹੋ ਜਾਂਦੇ ਹਨ ਕਿ ਕਿਵੇਂ ਆਪ ਜੀ ਗੁਰਮਤਿ ਦੇ ਛੋਟੇ ਛੋਟੇ ਅਸੂਲਾਂ ਤੇਂ ਡਟੇ ਰਹੇ ਤੇ ਹਰ ਗੁਰਮਤਿ ਅਸੂਲ ਤੇ ਪਹਰਾ ਦਿਤਾ। ਲੰਮੀ ਉਮਰ ਕੈਦ ਕੱਟ ਕੇ ਆਪ 4 ਅਕਤੂਬਰ 1930 ਨੂੰ ਲਾਹੋਰ ਸੈਂਟਰਲ ਜੇਲ੍ਹ ਤੋਂ ਰਿਹਾ ਹੋਏ। ਆਪ ਜੀ ਦੀ ਪੰਥਕ ਸੇਵਾਵਾਂ ਤੇ ਕਰੜੀਆ ਘਾਲਣ ਨੂੰ ਮੁੱਖ ਰਖ ਸ੍ਰੀ ਅਕਾਲ ਤਖਤ ਸਾਹਿਬ ਤੋਂ 15 ਸਤੰਬਰ 1931 ਨੂੰ ਜੋ ਹੁਕਮਨਾਮਾ, ਸਿਰੋਪਾਉ ਅਤੇ ਗੁਰੂ ਅਸੀਸ ਦੀ ਬਖਸ਼ਸ਼ ਹੋਈ ਉਹ ਲੇਖ ਦੇ ਸ਼ੁਰੂ ਵਿੱਚ ਵਰਨਣ ਕੀਤਾ ਜਾ ਚੁੱਕਾ ਹੈ।


www.AKJ.Org

ਗੁਰਮਤਿ ਪਹਰਾਵੇ ਤੇ ਪਹਰਾ

ਜਿਥੇ ਆਪ ਜੀ ਨੇ ਕੀਰਤਨ ਅਖਾੜਿਆਂ ਰਾਹੀਂ ਸੰਗਤਾਂ ਵਿੱਚ ਨਾਮ ਬਾਣੀ ਦਾ ਪ੍ਰਚਾਰ ਕੀਤਾ ਉਥੇ ਗੁਰਮਤਿ ਪਹਿਰਾਵੇ ਤੇ ਭੀ ਪਹਿਰਾ ਦਿਤਾ। ਜੋ ਗੁਰੂ ਦਸਮੇਸ਼ ਕਲਗੀਧਰ ਦਾ ਸਰੀਰਕ ਪਹਿਰਾਵੇ ਬਾਰੇ ਉਪਦੇਸ਼ ਕੇਵਲ ਨਿਹੰਗ ਸਿੰਘਾਂ ਤਕ ਹੀ ਸੀਮਤ ਰਹਿ ਗਇਆ ਸੀ ਆਪ ਜੀ ਨੇ ਇਸ ਨੂੰ ਆਮ ਗੁਰਸਿਖਾਂ, ਸੰਗਤਾਂ, ਗ੍ਰਹਸਤੀਆਂ ਨੂੰ ਅਪਨਾਉਣ ਦਾ ਖਾਲੀ ਉਦੇਸ਼ ਹੀ ਨਹੀਂ ਸਗੋਂ ਖ਼ੁੱਦ ਇਸ ਦੀ ਪ੍ਰਪਕਤਾ ਨਾਲ ਪਾਲਨਾ ਕੀਤੀ ਤੇ ਪੰਥ ਵਿੱਚ ਇਸ ਨੂੰ ਪ੍ਰਚਾਰਿਆ। ਖਾਲਸੀ ਪਹਿਰਾਵਾ ਸਸਤ੍ਰ ਬਸਤ੍ਰ ਵਾਲਾ ਤੇ ਖਾਸ ਕਰ ਕੇ ਪੰਜਵਾਂ ਕਕਾਰ 'ਕੇਸਕੀ' (ਛੋਟੀ ਦਸਤਾਰ) ਜੋ ਪੰਥ ਚੋਂ ਜੋ ਆਪ ਜੀ ਦੇ ਜੇਲ ਤੋਂ ਰਿਹਾ ਹੋਣ ਤੋਂ ਬਾਅਦ ਕਾਫੀ ਹੱਦ ਤਕ ਅਲੋਪ ਹੋ ਚੁੱਕਾ ਸੀ ਆਪ ਨੇ ਫਿਰ ਸੁਰਜੀਤ ਕੀਤਾ ।

ਸ਼ਾਰਾਂਸ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ। ਜਿਨ੍ਹਾਂ ਨੂੰ ਪੰਥ ਵਿੱਚ 'ਸੋਨੇ ਦੀ ਚਿੜੀ' ਮੰਨਿਆ ਗਿਆ ਸੀ, ਉਹਨਾਂ ਦਾ ਸਾਰਾ ਜੀਵਨ ਦੇਸ਼, ਕੌਮ ਸਮਾਜ ਸੁਧਾਰ, ਪਰਉਪਕਾਰੀ ਜੀਵਨ ਨਾਲ ਭਰਿਆ ਪਇਆ ਹੈ। ਜਿਥੇ ਭਾਈ ਸਾਹਿਬ ਜੀ ਨੇ ਨਾਮ-ਬਾਣੀ ਦਾ ਪ੍ਰਚਾਰ ਕੀਤਰਨ ਰਾਹੀਂ ਕੀਤਾ ਉਥੇ ਉਹਨਾਂ ਨੇ ਅਣਗਿਣਤ ਗੁਰਮਤਿ ਪਹਿਲੂਆ ਤੇ ਪੁਸਤਕਾ ਲਿਖ ਕੇ ਸਿੱਖ ਜਗਤ ਵਿੱਚ ਆਮ-ਪਏ ਤੇ ਪਾਏ ਗਏ ਭਰਮ ਭੁਲੇਖਿਆਂ ਨੂੰ ਕਢਿਆ। ਭਾਈ ਸਾਹਿਬ ਜੀ ਦੀਆਂ ਹਸਤ ਲਿਖਤ ਲਗਭਗ ੨੩ ਕੁ ਪੁਸਤਕਾਂ ਤੇ ੨੦ ਕੁ ਛੋਟੇ ਟ੍ਰੈਕਟ ਹਨ। ਗੁਰਮਤਿ ਦੇ ਭਿੰਨ ਭਿੰਨ ਪਹਿਲੂਆਂ ਨੂੰ ਉਜਾਗਰ ਕਰਨ ਦਾ ਉਹਨਾਂ ਦੀਆਂ ਪੁਸਤਕਾਂ ਚਾਨਣ ਮੁਨਾਰਾ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 16 ਅਪ੍ਰੈਲ 1961 ਨੂੰ ਸਵੇਰੇ ਸਾਢੇ ਸਤ ਵਜੇ, ਸਤ ਸੰਗੀਆਂ ਨੂੰ ਅੰਤਮ ਗੁਰੂ ਫਤਹ "ਵਾਹਿਗੁਰੂ ਜੀ ਕੀ ਖਾਲਸਾ॥ ਵਾਹਿਗੁਰੂ ਜੀ ਕੀ ਫਤਹ" ਗਜਾਉਂਦੇ ਹੋਏ ਗੁਰੂ ਪੁਰੀ ਪਿਆਨੇ (ਆਪਣੀ ਕੋਠੀ ਨੰ 79 ਮਾਡਲ ਟਾਊਨ ਲੁਧਿਆਣਾ, ਪੰਜਾਬ) ਕਰ ਗਏ।

ਭਾਈ ਸਾਹਿਬ ਜੀ ਦੇ ਜੀਵਨ ਚੋਂ ਕਿਨਕਾ ਮਾਤ੍ਰ ਜੀਵਨ ਬ੍ਰਿਤਾਂਤ ਜੋ ਹਰਿਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥ ਹਰਿ ਅਪਣੀ ਵਡਿਆਈ ਭਾਵਦੀ ਜਨ ਕਾ ਜੈਕਾਰ ਕਰਾਈ॥ ਸੋ ਹਰਿ ਜਨੁ ਨਾਮੁ ਧਿਆਇਦਾ ਹਰਿ, ਹਰਿ ਜਨ ਇਕ ਸਮਾਨ। ਜਨ ਨਾਨਕੁ ਹਰਿ ਕਾ ਦਾਸ ਹੈ ਹਰਿ ਪੈਜ ਰਖਹੁ ਭਗਵਾਨ। ਨੂੰ ਮੁੱਖ ਰੱਖ ਕੇ ਜਤਨ ਕੀਤਾ ਗਇਆ ਹੈ। ਐਸੀ ਮਹਾਨ ਹਸਤੀ ਦਾ ਜੀਵਨ ਕਾਗਦ-ਕਲਮ ਦੀ ਚਾਰ ਦਿਵਾਰੀ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ। *********

(ਪੰਨਾ ੨ ਦਾ ਬਾਕੀ ...)

ਬਿਪਤਾ ਪਈ ਹੈ? ਲਿਵ ਲਾਇ ਕੇ ਜੋਤੀਸ਼ ਜਗਦੀਸ਼ ਨਾਲਿ ਸਮਾਇ ਰਹੇ ਪ੍ਰਮਾਤਮ ਪਦ ਤੇ ਪ੍ਰਗ ਰਹੇ ਅਧਿਆਤਮੀਆਂ ਦੀ ਪ੍ਰਮਾਤਮਾ ਨਾਲਿ ਮੇਲ-ਮਿਲਾਉਣੀ ਆਪ ਹੀ ਮੇਲ-ਕਰਨਹਾਰਾ ਮਿਲਾਉਂਦਾ ਹੈ। ਐਸੀ ਮਿਲਾਉਣੀ ਵਾਲਾ ਮਿਲਾਪ ਮਿਲਾਉਂਦਾ ਹੈ ਕਿ ਸਗਲੇ ਭਰਮ ਭੇਦ ਚੁਕਾ ਦਿੰਦਾ (ਚੁਕਾਉਂਦਾ) ਹੈ। ਇਸ ਉਚੀ ਤੋਂ ਉਚੀ ਕਲਿਆਣ ਗਤੀ ਵਾਲੇ ਪਰਮ ਪਦ ਨੂੰ ਉਹ ਗੁਰੂ ਦੀ ਅਪਾਰ ਕਿਰਪਾ ਪ੍ਰਸਾਦਿ ਦੁਆਰਾ ਹੀ ਪਾਉਂਦਾ ਹੈ। ਸੇਵਾ ਵੀਚਾਰ ਰੂਪੀ ਗੁਰਮਤਿ ਨਾਮ ਅਭਿਆਸ ਕਮਾਈ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਇਸ ਨਾਮ ਅਭਿਆਸ ਕਮਾਈ ਦੀ ਪਾਰਸ-ਕਲਾ ਨਾਲਿ ਹੀ ਹਉਮੈ ਦਾ ਅਭਾਵ ਹੁੰਦਾ ਹੈ। ਹਉਮੈ ਨੂੰ ਮਾਰਨਾ ਇਕ ਬੜੀ, ਸਾਰ-ਕਰਣੀ ਹੈ ਇਹੀ ਉਨ੍ਹਾਂ ਦੇ ਜਪ ਤਪ ਸੰਜਮ ਬੇਦ ਪਾਠ ਪੁਰਾਣ ਹਨ, ਅਰਥਾਤ ਇਸ ਅਧਿਆਤਮ ਕਰਨੀ ਤੋਂ ਛੁਟ ਹੋਰ ਕਿਸੇ ਜਪ ਤਪ ਸੰਜਮ ਦੀ ਲੋੜ ਹੈ। ਕਿਸੇ ਭੀ ਆਨਮਤੀ ਪੁਸਤਕਾਂ ਬੇਦ, ਕੁਰਾਨ, ਅੰਜੀਲ, ਤੌਰੇਤ ਆਦਿ ਦੇ ਪੜ੍ਹਨ ਦੀ ਲੋੜ ਨਹੀਂ। ਉਹ ਸਰਬ ਆਨਮਤ ਕਰਮ ਗੁਰਮਤਿ ਅਧਿਆਤਮ ਕਰਮ ਤੋਂ ਹੇਠਾਂ ਹਨ। ਅਰਥਾਤ ਗੁਰਮਤਿ ਅਧਿਆਤਮ ਕਰਣੀ ਦੇ ਕਰਣੀਸ਼ਰਾਂ ਲਈ ਗੁਰਮਤਿ ਅਧਿਆਤਮ ਕਰਮ-ਕਰਣੀ ਹੋਰ ਆਨਮਤ ਕਰਮ-ਕਾਂਡੀ ਕਰਨੀਆਂ ਤੋਂ ਅਤਿ ਅਪਰੰਪਰ ਹੈ। • • •



www.AKJ.Org

# ਸਿੱਖੀ ਦਿਆ ਬਾਨੀਆ

(ਸ੍ਰ: ਕਿਸ਼ਨ ਸਿੰਘ ਜੀ)

ਸਿੱਖੀ ਦਿਆ ਬਾਨੀਆਂ, ਜੋ ਆ ਕੇ ਇੱਕ ਵੇਰ ਦੇਖੇਂ, ਕਿੰਨੀਆਂ ਭਾਂਤਾਂ ਚ, ਤੇਰੀ, ਸਿੱਖੀ ਗਈ ਵੰਡੀ ਅੱਜ।
ਮੈਂ ਹੀ ਸੱਚਾ ਸਿੱਖ, ਹਰ ਕੋਈ ਦਾਹਵਾ ਕਰੀ ਜਾਂਦਾ, ਛਾਂਗ ਹੋਇਆ, ਮੋਨਾ, ਕੇਸਾਧਾਰੀ ਪਾਹੁਲ ਖੰਡੀ ਅੱਜ।
ਬਾਣੀ ਵਾਲੇ, ਬਾਣੇ ਵਾਲੇ, ਸ਼ਾਕਾਹਾਰੀ ਮਾਸਾਹਾਰੀ, ਆਪੂੰ ਚੰਗੇ ਬਣ, ਜਾਣ ਦੂਜਿਆ ਨੂੰ ਭੰਡੀ ਅੱਜ।
ਰੁੱਖਾਂ ਇੱਟਾਂ ਪੱਥਰਾਂ ਦੇ, ਪੂਜਨੀਕ ਸਿੱਖ ਬਣੇ, ਇੱਕ ਦੀ ਪੁਜਾਰੀ ਕੌਮ, ਹੋਈ ਬਹੁਤ ਰੰਗੀ ਅੱਜ।
ਖਾਲਸਾ ਅਕਾਲ ਦਾ, ਅਕਾਲ ਸੀ ਖਸਮ ਇੱਕੋ, ਅੱਜ ਬੇਗਿਣਤ ਸਿੱਖਾਂ, ਖਸਮ ਬਣਾ ਲਏ।
ਕਦੀ ਜੋ ਮਸੰਦ, ਤੇ ਮਹੰਤ ਅੱਜ ਸੰਤ ਬਣੇ, ਭੋਲੇ ਭਾਲੇ ਲੋਕ, ਵਿੱਚ ਭਰਮਾਂ ਫਸਾ ਲਏ।
ਕੌਮ ਦੀ ਜਾਇਦਾਦ, ਕਿਸੇ ਗੁਰੂ ਦੇ ਨਹੀਂ ਨਾਮ ਲੱਗੀ,, ਅੱਜ ਥਾਂ ਥਾਂ ਬਾਬਿਆਂ, ਟਰੱਸਟ ਚਲਾ ਲਏ।
ਵਰ ਤੇ ਸਰਾਪ, ਪਾਪ ਪੁੰਨ ਦਾਨ ਡਰ ਪਾਕੇ,, ਭੋਲਿਆਂ ਲੋਕਾਂ ਨੂੰ, ਵਿੱਚ ਜਾਲ ਦੇ ਫਸਾਈ ਜਾਂਦੇ,
ਲੈਕੇ ਲਾਭ, ਅੰਧ ਵਿਸ਼ਵਾਸ਼ੀਆਂ ਦਾ, ਮਹਿਮਾ ਭੁੱਖੇ, ਪਿੱਛੇ ਲੱਗਿਆ ਨੂੰ, ਆਪੋ ਆਪਣੇ ਰਾਹ ਪਾਈ ਜਾਂਦੇ।
ਮਾਇਆ ਤੋਂ ਹਮੇਸ਼ਾਂ, ਨਿਰਲੇਪ ਰਹਿਣਾ ਕਹਿਣ ਵਾਲੇ,, ਲੱਖਾਂ ਦੀ ਜਾਇਦਾਦ, ਡੇਰੇ ਫ਼ਾਰਮ ਬਣਾਈ ਜਾਂਦੇ,
ਕਿਹੜੀ ਉਹ ਸੰਸਾਰੀ ਚੀਜ਼, ਹੋਵੇ ਨਾ ਜੋ ਡੇਰਿਆਂ ਤੇ,, ਸਭ ਕੁੱਝ ਪਾਕੇ ਭੀ, ਤਿਆਗੀ ਕਹਿਲਾਈ ਜਾਂਦੇ।
ਰਹਿਤਾਂ ਵਿੱਚ ਪੂਰੇ, ਅਤੇ ਅਧੂਰੇ ਕੇਸਧਾਰੀ ਮੋਨੇ, ਕਾਮਰੇਡ ਸੱਜੇ ਖੱਬੇ, ਸਿਖ ਕਹਿਲਾਈ ਜਾਂਦੇ।
ਨਿਰੰਕਾਰੀ, ਰਾਧਾਸੁਆਮੀ, ਨਾਮਧਾਰੀ ਫਿਰਕੇ ਜੋ, ਨਾਮ ਪਿੱਛੇ ਸਿੰਘ ਦਾ ਖ਼ਿਤਾਬ ਨੇ ਸਜਾਈ ਜਾਂਦੇ।
ਕੇਸਾਧਾਰੀ ਰੂੜ ਬੂੜ ਸਿੰਘ, ਮੋਨੇ ਬੱਗਾ ਭੱਗਾ, ਪੁਛਿਆਂ ਧਰਮ ਸਾਰੇ, ਸਿੱਖ ਬਤਲਾਈ ਜਾਂਦੇ।
ਵੱਖੋ ਵੱਖ ਦੇਖ ਭੇਖ, ਸਿੱਖ ਕਹਿਲਾਉਣ ਵਾਲੇ, ਕੌਣ ਸਿੱਖ ਕਿਸਦਾ, ਸਵਾਲ ਇੱਕ ਪਾਈ ਜਾਂਦੇ।
ਕਿਸੇ ਸਿਰ ਜੂੜਾ ਕੰਘਾ, ਸੋਹਣੀ ਦਸਤਾਰ ਸਜੇ, ਛੋਟੀ ਵੱਡੀ ਬੁਲਬੁਲ ਕੱਟ, ਕਈ ਕਰਾਈ ਜਾਂਦੇ।
ਕਿਤੇ ਖੁੱਲਾ ਦਾਹੜਾ, ਦਾਹੜਾ ਰੱਸੀ ਪਾਕੇ ਨੂੜਦਾ ਕੋਈ, ਕਿਤੇ ਸਫ਼ਾ ਚੱਟ ਚਿਹਰਾ, ਖਤ ਕਈ ਕਢਾਈ ਜਾਂਦੇ।
ਸਰਬ ਲੋਹੇ ਦਾ ਕੜਾ ਪਾਵੇ, ਕੋਈ ਸਟੀਲ ਪਾਵੇ, ਵਡਿਆਈ ਖੋਰੇ, ਕੜੇ ਸੋਨੇ ਦੇ ਕਈ ਪਾਈ ਜਾਂਦੇ।
ਗੁਰੂ ਭੁੱਲਾ ਬਾਣਾ ਭੁੱਲਾ, ਸਿੱਖੀ ਦਾ ਵਿਧਾਨ ਭੁੱਲਾ, ਬਿਪਰਨ ਰੀਤ ਦੇ, ਕਈ ਸੋਹਲੇ ਨਿੱਤ ਗਾਈ ਜਾਂਦੇ।
ਸਿੱਖ ਬੀਬੀਆ ਦੇ ਪਹਿਲਾਂ, ਸੀਸ ਤੇ ਸੀ ਜੂੜਾ ਹੁੰਦਾ, ਸਿੱਖਾਂ ਵਾਂਗ ਹੈਸੀ ਦਸਤਾਰ ਉਹ ਸਜਾਉਂਦੀਆਂ।
ਅੱਜ ਦਸਤਾਰ ਛੱਡੀ, ਕੇਸਕੀ ਸਜਾਵੇ ਕੋਈ ਕੋਈ, ਸਿਰ ਤੋਂ ਕਈ ਜੂੜਾ, ਪਿੱਛੇ ਗਿੱਚੀ ਦੇ ਲਿਆਉਂਦੀਆਂ।
ਸਿੱਖੀ ਰਹਿਤਾਂ ਵਲੋਂ, ਮਨ ਹੋਰ ਕਮਜ਼ੋਰ ਹੋਇਆ, ਜੂੜਾ ਖੁੱਲਾ, ਖੁੱਲੇ ਵਾਲ, ਗੁੱਤ ਕਈ ਬਣਾਉਂਦੀਆਂ।
ਫ਼ੈਸ਼ਨਾਂ ਨੇ ਮੱਤ ਮਾਰੀ, ਵਾਲਾਂ ਦੀ ਸੰਭਾਲ ਭੁੱਲੀ, ਚੁੰਨ, ਦਾ ਭੀ ਚੇਤਾ ਹੁਣ, ਬਹੁਤੀਆਂ ਭੁਲਾਉਂਦੀਆਂ।
ਆਗੂ ਅੱਜ ਸਿੱਖੀ ਅਸਥਾਨਾਂ ਦੇ, ਅਸਿੱਖ ਬਣੇ, ਸਿੱਖੀ ਦਾ ਵਿਧਾਨ ਜਾਣ, ਛਿੱਕੇ ਉਤੇ ਟੰਗੀ ਅੱਜ।
ਸਿੱਖੀ ਅਪਣਾਈ ਨਹੀਂ, ਸਿਧਾਂਤ ਸਿੱਖੀ ਜਾਣਦੇ ਨਹੀਂ, ਮੱਲੋਜੋਰੀ ਜਾਣ ਨਾਤ੍ਹਾ, ਸਿੱਖੀ ਨਾਲ ਗੰਢੀ ਅੱਜ।
ਸੰਗਰਾਂਦ, ਮੱਸਿਆ ਤੇ ਪੁੰਨਿਆਂ ਨਹੀਂ ਭੁੱਲਦੀਆਂ, ਥਿੱਤਾਂ ਤੇ ਮਹੂਰਤਾਂ ਚ, ਗਈ ਸਿੱਖੀ ਰੰਗੀ ਅੱਜ।
ਗੁਰੂ ਦਾ ਹੁਕਮ, ਰਹੇ ਖਾਲਸਾ ਨਿਆਰਾ ਭੁੱਲਾ, ਬਿਪਰਨ ਵਾਦੀਆਂ ਦੇ, ਬਣੇ ਸਿੱਖ ਸੰਗੀ ਅੱਜ।
ਬਾਬੇ ਦਾ ਕੋਈ ਰੋਟ ਦੇਵੇ, ਪੀਰ ਦਾ ਅਖਾੜਾ ਸੁੱਖੇ, ਜਾਗੇ ਵੀ ਜਗਾਉਣ, ਦੇਵੀ ਦੇਵ ਵੀ ਧਿਆਈ ਜਾਂਦੇ।
ਰੱਖਣ ਵਰਤ ਤੇ ਕਰੌਣ ਸਿੱਖ, ਬੀਬੀਆਂ ਕਈ, ਮੋਇਆਂ ਦੇ ਸ਼ਰਾਧ ਵੀ, ਅਨੇਕਾਂ ਹੀ ਕਰਾਈ ਜਾਂਦੇ।
ਵਹਿਮਾਂ ਭਰਮਾਂ ਚ, ਫਸੇ, ਲੀੜੇ ਭਾਂਡੇ ਸਫਰ ਲਈ, ਬਿਨਸੇ ਪ੍ਰਾਣੀ ਦੇ, ਮਗਰ ਭਿਜਵਾਈ ਜਾਂਦੇ।
ਦੇਣ ਜੋ ਵੀ, ਸੋਝੀ ਹੀਣ, ਵੇਚ ਉਹ ਪੁਜਾਰੀ ਖਾਂਦੇ, ਸ਼ਰੇਆਮ ਖਿੱਲੀ, ਨੇ ਪਾਖੰਡ ਦੀ ਉਡਾਈ ਜਾਂਦੇ।
ਸਿੰਘ ਸਜ ਬਣਦਾ, ਅਨੰਦ ਪੁਰ ਬਾਸੀ ਸੀ ਜੋ, ਵੱਖੋ ਵੱਖ ਡੇਰਿਆਂ ਨਾਲ ਅੱਜ ਆਪਾ ਜੋੜਦਾ।
ਕਹੇ ਜੋ ਗੁਰੂ ਦੀ ਬਾਣੀ, ਜ਼ਰਾ ਨਾ ਧਿਆਨ ਦੇਵੇ, ਬਾਬਿਆਂ ਆਖੋਤੀਆ ਦਾ, ਕਹਿਣ ਨਈਉਂ ਮੋੜਦਾ।

(ਬਾਕੀ ਪੰਨਾ ੨੩ ਤੇ ...)



www.AKJ.Org

# ਪੰਜਵਾਂ ਕਕਾਰ ਕੇਸਕੀ ਦੇ ਪ੍ਰਮਾਣ ਵਜੋਂ ਕੁਝ ਮਿਸਾਲਾਂ

ਭਾਈ ਮਾਲਿਕ ਸਿੰਘ ਜੀ (ਡਾ:)

ਪੰਜਵਾਂ ਕਕਾਰ ਕੇਸਕੀ (ਛੋਟੀ ਦਸਤਾਰ) ਬਾਰੇ ਪਾਏ ਗਏ ਆਮ ਭੁਲੇਖੇ ਨੂੰ ਦੂਰ ਕਰਨ ਲਈ ਕਿ ਇਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੋਈ ਕਾਢ ਜਾਂ ਦੇਨ ਨਹੀਂ ਹੈ, ਕੁਝ ਪ੍ਰਸਿਧ ਵਿਦਵਾਨਾਂ ਦੇ ਹਵਾਲੇ ਦੇਣੇ ਉਚਿਤ ਸਮਝਦੇ ਹੋਇ ਥੱਲੇ ਦਿਤੇ ਜਾ ਰਹੇ ਹਨ :–

1 ਭਾਈ ਸੰਤੋਖ ਸਿੰਘ ਜੀ ਰਚਿਤ ਸੂਰਜ ਪ੍ਰਕਾਸ਼ ਗ੍ਰੰਥ :-

ਭਾਈ ਸਾਹਿਬ ਸੰਤੋਖ ਜੀ ਮਾਤਾ ਭਾਗ ਕੌਰ ਜੀ ਦਾ ਪ੍ਰਸੰਗ ਵਰਨਣ ਕਰਦੇ ਲਿਖਦੇ ਹਨ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਜੀ ਨੂੰ ਉਪਦੇਸ਼ ਦਿਤਾ ਸੀ :-

ਪਹਿਰ ਕਾਸ ਲਘੁ ਸਿਰ ਦਸਤਾਰ॥

੨ ਭਾਈ ਕਾਹਨ ਸਿੰਘ ਜੀ ਪ੍ਰਸਿਧ ਪੰਥਕ ਵਿਦਵਾਨ-ਮਹਾਨ ਕੋਸ਼ ਦੇ ਰਚਿਤ :- (ਨਾਭਾ ਵਾਲੇ)

ਆਪ ਜੀ ਮਹਾਨ ਕੋਸ਼ ਵਿਚ ਕੇਸਕੀ ਬਾਰੇ ਲਿਖਦੇ ਹਨ :-

ਕੇਸਕੀ ਛੋਟੀ ਪੱਗ ਜੋ ਕੇਸਾਂ ਦੀ ਰਖਿਆ ਲਈ ਪਹਿਨੀ ਜਾਂਦੀ ਹੈ

(ਦੂਜੀ ਵਾਰ ਛਪੀ ਪੁਸਤਕ ਦਾ ਪੰਨਾ 159)

3 ਭਾਈ ਵੀਰ ਸਿੰਘ ਜੀ- ਪੰਥਕ ਪ੍ਰਸਿਧ ਵਿਦਵਾਨ

ਆਪ ਜੀ ਨੇ ਅਪਨੇ ਮਹਾ ਕਾਵਿ ਪੁਸਤਕ 'ਰਾਣਾ ਸੂਰਤ ਸਿੰਘ' ਵਿੱਚ ਮੁੱਖ ਨਾਇਕ ਰਾਣੀ ਰਾਜ ਕੌਰ ਦੀ ਜੋ ਪ੍ਰਭਾਵਸ਼ਾਲੀ ਤਸਵੀਰ ਦਿਤੀ ਹੈ ਉਸ ਵਿੱਚ ਰਾਣੀ ਜੀ ਨੂੰ ਦਸਤਾਰ ਸੁਸ਼ੋਭਿਤ ਅਤੇ ਖੰਡਾ, ਚੱਕਰ, ਗੁਰਸਿਖੀ ਦਾ ਨਿਸ਼ਾਨ ਧਾਰਣੀ ਦਰਸਾ ਕੇ ਪ੍ਰੜੋਤਾ ਦਾ ਪ੍ਰਗਟਾਵਾ ਕੀਤਾ ਹੈ ਕਿ ਪੁਰਾਤਨ ਪੰਜ ਕਕਾਰੀ ਰਹਿਤ, 'ਕੇਸਕੀ', (ਛੋਟੀ ਦਸਤਾਰ) ਗੁਰਸਿਖ ਬੀਬੀਆਂ ਦਾ ਨਿਰਾਲਾਪਨ ਉਹਨਾਂ ਦੇ ਸਿਰ ਸੁਸ਼ੋਭਿਤ ਦਸਤਾਰ ਤੇ ਸਸ਼ਤ੍ਰਾਂ ਦਾ ਸੱਚਾ ਸੁੱਚਾ ਸ਼ਿੰਗਾਰ ਅਤੇ ਇਹ ਹੀ ਉਨ੍ਹਾਂ ਦੇ ਸਚੇ ਸੁੱਚੇ ਨਿਭਨ ਵਾਲੇ ਘਰਾਣੇ ਸਨ ਅਤੇ ਉਹ ਫੋਕਟ ਹਾਰ ਸ਼ਿੰਗਾਰ ਤੋਂ ਬਹੁਤ ਉਚੀਆਂ ਉਠ ਚੁੱਕੀਆਂ ਸਨ

4 ਭਾਈ ਸਾਹਿਬ (ਸੰਤ) ਤੇਜਾ ਸਿੰਘ ਜੀ ਮਸਤੂਆਣੇ

ਆਪ ਜੀ ਦੇ ਜਥੇ ਦੀਆਂ ਸਾਰੀਆਂ ਬੀਬੀਆਂ ਸਿਰ ਤੇ ਕੇਸਕੀ (ਛੋਟੀ ਦਸਤਾਰ) ਸਜਾਉਂਦੀਆਂ ਸਨ ਤੇ ਓਹ ਧਾਰਮਕ ਦਿਵਾਨਾਂ ਵਿੱਚ ਕੇਸਕੀ ਦੇ ਨਾਲ ਨਾਲ ਬਿਲਕੁਲ ਸਾਦਾ ਪਹਿਰਾਵਾ ਪਹਿਨਦੀਆਂ ਸਨ ਤੇ ਨਿਰਬਾਣ ਕੀਰਤਨ ਕਰਦੀਆਂ ਸਨ।

5 ਪ੍ਰਸਿਧ ਸਿਖ ਵਿਦਵਾਨ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ (ਭਿੰਡਰਾਂ ਵਾਲੇ) ਆਪ ਜੀ ਅਪਨੇ ਪਰਿਵਾਰ ਵਿਚ ਹਰ ਬੀਬੀ ਅਤੇ ਸਿੰਘ ਕੇਸਕੀ ਸਜਾਉਣ ਵਾਲੇ ਸਨ।

6 ਪੰਜ ਖਾਲਸਾ ਦੀਵਾਨ-ਪੰਥ ਦੀ ਪ੍ਰਸਿਧ ਜਥੇਬੰਦੀ

ਮਾਲਵੇ ਦੇ ਕਸਬੇ ਭਸੌੜ ਵਿੱਚ "ਪੰਜ ਖਾਲਸਾ ਦੀਵਾਨ" ਇਕ ਸਿਰ ਕੱਢ ਜਥੇਬੰਦੀ ਸੀ ਤੇ ਉਸ ਜਥੇ ਦੀਆਂ ਸਾਰੀਆਂ ਬੀਬੀਆਂ ਨੂੰ ਸਿਰ ਤੇ ਕੇਸਕੀ ਬੰਨਣੀ ਲਾਜ਼ਮੀ ਸੀ।

7 ਲਾਹੌਰ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਵਿੱਚ ਸਿੰਘਣੀਆਂ ਦੇ ਚਿੱਤਰ ਦਸਤਾਰ ਸਹਿਤ:-

ਪੁਰਾਤਨ ਬਹਾਦਰ ਸਿੰਘਣੀਆਂ ਜਿਨ੍ਹਾਂ ਗੁਰਸਿਖਾਂ ਦੇ ਨਾਲ ਮੋਢੇ ਨਾਲ ਮੋਢਾ ਰਲਾ ਕੇ ਵੈਰੀਆਂ ਨਾਲ ਜੰਗ ਕੀਤੇ, ਉਹਨਾਂ ਸਭਨਾਂ ਦੇ ਚਿੱਤਰ ਸਿਰ ਤੇ ਕੇਸਕੀ ਸੁਸ਼ੋਭਿਤ ਹੋਇਆ ਹੀ ਦਿਖਾਇਆ ਗਿਆ ਹੈ।

8 ਵਿਕਟੋਰੀਆ ਅਜਾਇਬ ਘਰ ਕਲਕੱਤਾ

ਇਸ ਅਜਾਇਬ ਘਰ ਵਿੱਚ ਪੁਰਾਤਨ ਬੀਬੀਆਂ ਦੇ ਸਿਰ ਤੇ ਕੇਸਕੀ ਸੁਸ਼ੋਭਿਤ ਚਿੱਤਰ ਦਿਖਾਇ ਗਏ ਹਨ। ਜੋ ਇਹ ਸਬੂਤ ਦੇਦੇਂ ਹਨ ਕਿ ਕੇਸਕੀ ਗੁਰਸਿਖਾਂ ਦੀ ਰਹਿਤ ਦਾ ਇਕ ਪੰਜਵਾ ਅਨਿਖੜਵਾਂ ਕਕਾਰ ਹੈ।

੭ ਮਿਸਟਰ ਕੰਨਿਘਮ ਪ੍ਰਸਿੱਧ ਇਤਹਾਸਕਾਰ (ਅੰਗ੍ਰੇਜ਼)

ਆਪ ਜੀ ਅਪਣੀ ਪ੍ਰਸਿਧ ਪੁਸਤਕ History of the sikh ਵਿੱਚ ਗੁਰਸਿਖ ਬੀਬੀਆਂ ਬਾਰੇ ਇਉਂ ਲਿਖਦੇ ਹਨ :-


www.AKJ.Org

The sikh Woman are distinguished from Hindus fo their sex by some variety of dress chiefly by a higher top knot of hair

10 ਪੁਰਾਤਨ ਸਿੱਖ ਸਕੂਲਾਂ ਅਤੇ ਕਾਲਜਾਂ ਵਿੱਚ ਕੇਸਕੀ ਕੁੜੀਆਂ ਲਈ ਲਾਜ਼ਮੀ ਪੌਸ਼ਾਕ ਦਾ ਫਿਰੋਜ਼ਪੁਰ. ਕੈਰੋਂ (ਅੰਮ੍ਰਿਤ ਸਰ, ਜਸਪਾਲੋਂ ਅਤੇ ਸਿਧਵਾਂ) (ਲੁਧਿਆਣਾ ਦੇ ਸਿੱਖ ਸਕੂਲਾ ਤੇ ਕਾਲਜਾ ਵਿੱਚ ਹਰ ਪੜ੍ਹਨ ਵਾਲੀ ਕੁੜੀ (ਬੀਬੀ /ਬੱਚੀ) ਦੇ ਸਿਰ ਤੇ ਦਸਤਾਰ ਬਣਨਾ ਪੋਸ਼ਾਕ ਦਾ ਲਾਜ਼ਮੀ ਅੰਗ ਕਰਾਰ ਦਿੱਤਾ ਜਾਂਦਾ ਸੀ। ਬੀਬੀ ਦੇ ਸਿਰ ਦੇ ਕੇਸਕੀ ਸਜਾਏ ਬਿਨਾਂ ਉਸ ਨੂੰ ਦਾਖਲੇ/ਪੜਨ ਦੀ ਇਜ਼ਾਜਤ ਨਹੀਂ ਸੀ।

11 ਪ੍ਰਸਿਧ ਸੰਸਥਾ ਚੀਫ ਖਾਲਸਾ ਦੀਵਾਨ ਵਿੱਚ ਬੀਬੀਆਂ ਦੇ ਸੀਸ ਤੇ ਕੇਸਕੀ

ਪਾਕਿਸਤਾਨ ਤੇ ਹਿੰਦੁਸਤਾਨ ਦੀ ਵੰਡ ਹੋਣ ਤੋਂ ਪਹਿਲਾਂ ਚੀਫ ਖਾਲਸਾ ਦੀਵਾਨ ਵਲੋਂ ਹਰ ਸਾਲ ਸਿਖਾ ਦੀ ਇਕ ਤਾਲੀਮੀ (ਵਿਦਿਅਕ) ਕਾਨਫਰੰਸ ਭਿੰਨ ਭਿੰਨ ਸਥਾਨਾਂ ਤੇ ਹੋਂਦੀ ਸੀ ਤੇ ਉਸ ਕਾਨਫਰੰਸ ਵਿਚ ਲੁਧਿਆਣੇ ਜ਼ਿਲੇ ਦੇ ਪਿੰਡ ਜਸਪਾਲੋਂ ਤੇ ਸਿਧਵਾਂ, ਫਿਰੋਜ਼ਪੁਰ ਤੇ ਕੈਰੋਂ (ਅੰਮ੍ਰਿਤਸਰ) ਤੋਂ ਸਕੂਲਾਂ ਅਤੇ ਕਾਲਜਾ ਦੀਆਂ ਕੁੜੀਆਂ ਉਸ ਕਾਨਫਰੰਸ ਵਿੱਚ ਗੁਰਬਾਣੀ ਦਾ ਕੀਰਤਨ ਕਰਨ ਲਈ ਪਹੁੰਚਦੀਆਂ ਸਨ ਅਤੇ ਉਹਨਾ ਦੇ ਸਭ ਦੇ ਸਿਰਾਂ ਤੇ ਕੇਸਕੀ (ਛੋਟੀ ਦਸਤਾਰ) ਸਜਾਈ ਹੁੰਦੀ ਸੀ।

11 1913-14 ਦੀ ਪਹਿਲੀ ਜੰਗ ਤੋਂ ਪਹਿਲਾਂ ਬੀਬੀਆਂ ਦਾ ਪਹਿਰਾਵਾ

ਸੰਸਾਰ ਦੀ ਵੱਡੀ ਪਹਿਲੀ ਜੰਗ ਤੋਂ ਪਹਿਲਾਂ ਦਾ ਇਤਿਹਾਸ ਗਵਾਹ ਹੈ ਕਿ ਅੰਮ੍ਰਿਤਧਾਰੀ ਬੀਬੀਆਂ ਕੇਸਕੀ ਦੀ ਰਹਿਤ ਨੂੰ ਪੰਜਵਾਂ ਕਕਾਰ ਮੰਨਦੀਆਂ ਸਨ ਤੇ ਇਸ ਰਹਿਤ ਨੂੰ ਪੂਰੀ ਪਾਬੰਦੀ ਨਾਲ ਨਿਭਾਉਂਦੀਆਂ ਸਨ।

13 ਅਕਾਲੀ ਲਹਿਰ ਸਮੇਂ ਬੀਬੀਆਂ ਸਿਰ ਤੇ ਕੇਸਕੀ ਸਜਾਉਂਦੀਆ ਸਨ

ਅਕਾਲੀ ਲਹਿਰ ਦੇ ਮੋਰਚਿਆਂ ਵਿੱਚ ਜਿਹੜੀਆਂ ਬੀਬੀਆਂ ਹਿੱਸਾ ਲੈਂਦੀਆਂ ਸਨ ਤੇ ਕੈਦ ਹੁੰਦੀਆਂ ਸਨ ਉਹਨਾਂ ਵਿੱਚ ਬਹੁਸੰਮਤੀ ਸਿਰ ਤੇ ਕੇਸਕੀ ਵਾਲੀਆਂ ਬੀਬੀਆਂ ਦੀ ਹੁੰਦੀ ਸੀ।

14 ਸੈਂਟਰਲ ਮਾਝਾ ਦੀਵਾਨ ਦਾ ਮੁੱਖ ਪ੍ਰਚਾਰ ਸਿਰ ਤੇ ਕੇਸਕੀ ਸਜਾਉਣਾ :-

ਗੁਰਸਿਖਾਂ ਦੀ ਪੁਰਾਤਨ ਸਿਰ ਕੱਢ ਜਥੇਬੰਦੀ ''ਸੈਂਟਰਲ ਮਾਝਾ ਦੀਵਾਨ ਦੀ ਜਥੇਬੰਦੀ ਆਪਣੇ ਪ੍ਰਚਾਰ ਨਾਲ ਪੰਜਾਬ ਵਿੱਚ ਕੇਸਕੀ ਦੀ ਇਤਨੀ ਮਹਤੱਤਾ ਲੋਕਾਂ ਦੇ ਮਨਾਂ ਵਿਚ ਵਸਾ ਦਿਤੀ ਸੀ ਕਿ ਅਨੇਕ ਸਿਖ ਬੀਬੀਆਂ ਸਿਰ ਤੇ ਕੇਸਕੀ ਸਜਾਉਣ ਲਗ ਪਈਆਂ ਸਨ।

15 ਅਖੰਡ ਕੀਰਤਨੀ ਜੱਥੇ ਵਿੱਚ ਕੇਸਕੀ ਦੀ ਮਹਾਨਤਾ ।

ਭਗਤ ਪੂਰਨ ਸਿੰਘ ਜੀ, ਬਾਨੀ ਪਿੰਗਲਵਾੜਾ ਅੰਮ੍ਰਿਤਸਰ ਆਪਣੀ ਕਿਤਾਬ ਚ ਸਿਰ ਤੇ ਦਸਤਾਰ ਤੇ ਗਾਤਰੇ ਵਾਲੀ ਕ੍ਰਿਪਾਨ ਵਾਲਾ 'ਸਿੱਖ ਬੀਬੀਆਂ ਦਾ ਪਹਿਰਾਵਾ ਪੰਨਾ 13 ਤੇ ਇੰਝ ਲਿਖਦੇ ਹਨ -

ਭਾਈ ਰਣਧੀਰ ਸਿੰਘ ਜੀ ਨਾਲ ਸੰਬੰਧਤ ਅਖੰਡ ਕੀਰਤਨੀ ਜਥੇ ਦੀਆਂ ਬੀਬੀਆਂ ਹੁਣ ਵੀ ਕੇਸਕੀ ਦੀ ਰਹਿਤ ਨੂੰ ਪਰਪੱਕਤਾ ਨਾਲ ਨਿਭਾ ਰਹੀਆਂ ਹਨ ਅਤੇ ਇਸ ਰਹਿਤ ਦਾ ਨਿਰਾਲਾ ਸਤੋਗੁਣੀ ਪ੍ਰਭਾਵ ਪਾ ਕੇ ਗੁਰਮਤਿ ਦੀ ਵਿਸ਼ੇਸਤਾ ਤੇ ਖਾਲਸਈ ਵਿਲੱਖਣਤਾ ਨੂੰ ਸਪਸ਼ਟ ਤੌਰ ਤੇ ਪ੍ਰਗਟਾਉਂਦੀਆਂ ਹਨ। ਇਸ ਜਥੇ ਦੀਆਂ ਬੀਬੀਆਂ ਹੀ ਕੇਸਕੀ ਨੂੰ ਪੰਜਵੀਂ ਰਹਿਤ ਜਾਣ ਕੇ ਇਸ ਦੀ ਪਾਬੰਦੀ ਨੂੰ ਦ੍ਰਿੜ੍ਹ ਕਰਵਾ ਕੇ ਦਸਮੇਸ਼ ਪਿਤਾ ਜੀ ਦੇ ਬਖਸ਼ੇ ਨਿਰਾਲਾਪਨ ਨੂੰ ਸੁਰਜੀਤ ਰਖਣ ਦੀ ਸੇਵਾ ਕਰ ਰਹੀਆਂ ਹਨ।

16 ਪ੍ਰਸਿਧ ਸੰਤ ਇਕਬਾਲ ਸਿੰਘ ਜੀ ਬੜੂ ਸਾਹਿਬ, ਡਿਗਸ਼ਈ, ਹਿਮਾਚਲ ।

ਪੰਥ ਦੇ ਪ੍ਰਸਿਧ ਸੰਤ ਅਤਰ ਸਿੰਘ ਜੀ ਮਸਤੂਆਣੇ ਦੀ ਯਾਦ ਵਿਚ ਸੰਤ ਇਕਬਾਲ ਸਿੰਘ ਜੀ, ਜੋ ਸਕੂਲ ਕਾਲਜ ਬੜੂ ਸਾਹਿਬ, ਤਿਰਾਸਈਂ ਚਲਾ ਰਹੇ ਹਨ ਉਹਨਾਂ ਹਰ ਬਚੇ ਬਚੀ ਲਈ ਕੇਸਕੀ (ਦਸਤਾਰ) ਨੂੰ ਸਜਾਉਣ ਦੀ ਪੱਕੀ ਪਾਬੰਦੀ ਲਗਾਈ ਹੋਈ ਹੈ। ਉਥੋਂ ਸਿਖਿਆ ਲੈ ਰਹੀਆਂ ਬੀਬੀਆਂ ਹਰ ਖੇਤਰ ਵਿੱਚ ਤਰੱਕੀ ਕਰ ਰਹੀਆਂ ਹਨ।

ਉਪਰੋਕਤ ਕੁਛ ਇਤਿਹਾਸਕ ਪ੍ਰਮਾਣ ਕੇਸਕੀ ਪੰਜਵਾਂ ਕਕਾਰ ਦੀ ਪ੍ਰੋੜਤਾ ਹਿਤ ਦਿਤੇ ਗਏ ਹਨ ਤੇ


www.AKJ.Org

ਇਹ ਸਾਬੂਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਇਹ ਪੰਜਵਾ ਕਕਾਰ ਭਾਈ ਸਾ: ਭਾਈ ਰਣਧੀਰ ਸਿੰਘ ਦੀ ਕੋਈ ਨਵੀਂ ਕਾਢ ਨਹੀਂ ਹੈ ਹਾ ਉਹਨਾਂ ਨੇ ਇਸ ਪੰਜਵੇਂ ਕਕਾਰ ਨੂੰ ਸੰਭਾਲਣ ਲਈ ਪੁਰਾਤਨ ਮਰਯਾਦਾ ਨੂੰ ਪ੍ਰਚਾਰਿਆ ਹੈ, ਅਲੋਪ ਹੁੰਦੀ ਜਾ ਰਹੀ ਪੰਜਵੇਂ ਕਕਾਰ 'ਕੇਸਕੀ' ਨੂੰ ਫਿਰ ਤੋਂ ਸੁਰਜੀਤ ਕੀਤਾ ਹੈ।

ਪੰਜ ਕਕਾਰੀ ਰਹਿਤ ਨੂੰ ਪ੍ਰਪਕਤਾ ਨਾਲ ਪਾਲਣ ਦਾ ਪਹਿਰਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਦਿਤਾ ਹੈ ਤੇ ਹੁਣ ਭੀ ਕੇਵਲ ਅਖੰਡ ਕੀਰਤਨੀ ਜੱਥਾ ਇਸ ਪੰਜ ਕਕਾਰੀ ਰਹਿਤ ਨੂੰ ਪ੍ਰਪਕਤਾ ਨਾਲ ਨਿਭਾਅ ਰਹਿਆ ਹੈ। ਇਸ ਤੋਂ ਛੁਟ ਇਸ ਸਮੇਂ ਹੋਰ ਭੀ ਕੁਝ ਸਸੰਥਾਵਾਂ ਕੇਸਕੀ ਦੀ ਮਹਾਨਤਾ ਪ੍ਰਗਟ ਕਰ ਰਹੀਆਂ ਹਨ। ਜਿਤਨੀਆ ਭੀ ਅਗ੍ਰੇਜ਼ ਸਿੱਖ ਬੀਬੀਆਂ ਵਿਦੇਸਾਂ ਤੋਂ ਭਾਰਤ ਆ ਰਹੀਆਂ ਹਨ ਸਭ ਦੇ ਸੀਸ ਤੇ ਕੇਸਕੀ ਸਜਾਈ ਹੋਈ ਹੈ। ਕੇਸਕੀ ਦੀ ਮਹਾਨਤਾ ਅਤੇ ਪੰਜਵੇਂ ਕਕਾਰ ਦਾ ਸਬੂਤ ਹੈ।

ਪੰਥ ਲਈ ਵਿਚਾਰਨ ਯੋਗ ਪ੍ਰਸ਼ਨ

ਪੰਥ ਦੇ ਵਿਦਵਾਨਾਂ, ਧਾਰਮਕ ਆਗੂਆਂ, ਸਿਰ ਕੱਢ ਜਥੇਬੰਦੀਆਂ ਦਾ ਇਸ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਜ ਕਕਾਰੀ ਰਹਿਤ ਚੋਂ ਕੇਸਕੀ ਪੰਜਵਾਂ ਕਕਾਰ ਰਹਿਤ ਮਰਯਾਦਾ ਦਾ ਅਨਿਖੜਵਾਂ ਅੰਗ ਕਰਾਰ ਦੇਣ ਲਈ ਯੋਗ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਕਿ ਖਾਸ ਕਰ ਕੇ ਸਿੱਖ ਬੀਬੀਆਂ ਦਾ ਅਪਨਾ ਨਿਰਾਲਾਪਨ ਕਾਇਮ ਰਹ ਸਕੇ ਤੇ ਉਹ ਫੈਸ਼ਨਾਂ ਦੇ ਹੜ ਤੋਂ ਬਚ ਸਕਣ ਤੇ ਗੁਰਮਤਿ ਦੇ ਸਾਧਾਰਨ ਪਹਿਰਾਵਾ ਨੂੰ ਅਪਣਾ ਸਕਨ।

ਉਪਰੋਕਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਵਿੱਚ ਕੀਤੇ ਪਰਉਪਕਾਰ, 'ਕੇਸਕੀ' ਪੰਜਵਾਂ ਕਕਾਰ ਹੈ, ਬਾਰੇ ਥੋੜਾ ਜੇਹਾ ਹੋਰ ਵਿਦਵਾਨਾ ਦੇ ਹਵਾਲੇ ਦੇ ਕੇ ਲਿਖਣ ਦਾ ਯਤਨ ਕੀਤਾ ਗਿਆ ਹੈ। ਭਾਈ ਸਾਹਿਬ ਜੀ ਦਾ ਜੀਵਨ ਬਹੁੱਪਖੀ ਗੁਰਮਤਿ ਅਸੂਲਾਂ ਨੂੰ ਉਜਾਗਰ ਕਰਨ ਨਾਲ ਭਰਿਆ ਪਇਆ ਹੈ। ਭਾਈ ਸਾਹਿਬ ਜੀ ਦੇ ਜੀਵਨ ਦਾ ਦ੍ਰਿਸ਼ਟੀ ਕੋਣ ਕੇਵਲ ਤੇ ਕੇਵਲ ਇਕੋ ਇਕ ਸੀ ਕਿ ਸਿੱਖ ਨੇ ਗੁਰੂ ਦੇ ਹੁਕਮ ਅੱਗੇ ਸਿਰ ਝੁਕਾਣਾ ਹੈ, ਹੁਕਮ ਨੂੰ ਮੰਨਣਾ ਹੈ ਚਾਹੇ ਉਸ ਹੁਕਮ ਨੂੰ ਸੁਖਾਲਾ ਨਿਭਾਇਆ ਜਾ ਸੰਕੇ ਚਾਹੇ ਉਸ ਦੇ ਲਈ ਸਿਰਧੜ ਦੀ ਬਾਜੀ ਕਿਉਂ ਨ ਲਗਾਉਣੀ ਪਵੇ। ਗੁਰੂ ਹੁਕਮ ਸੁਖਾਲਾ ਹੈ ਯਾ ਅਉਖਿਆਈ ਵਾਲਾ ਇਸ ਦਾ ਸਵਾਲ ਹੀ ਨਹੀਂ। ----

(ਪੰਨਾ ੨੦ ਦਾ ਬਾਕੀ ...)

ਮਨਮੱਤਾਂ ਵਿੱਚ ਸਿੱਖ, ਅੱਜ ਰਲਗੱਡ ਹੋਇਆ, ਸਿੱਖੀ ਦੇ ਸਿਧਾਂਤਾਂ ਨੂੰ, ਬੇਖੌਫ਼ ਹੋਕੇ ਤੋੜਦਾ।
ਦਰਦੀਓ ਕੌਮ ਦਿਓ, ਵਿਦਵਾਨੋ ਸੁਝਵਾਨੋ, ਮਿਲਕੇ ਕੋਈ ਹੱਲ ਲੱਭੋ, ਫੈਲ ਰਹੇ ਕੋਹੜ ਦਾ।
ਰੋਜ਼ੀ ਰੋਟੀ ਲਈ ਸਿੱਖ, ਦੇਸੋਂ ਪਰਦੇਸ ਆਏ, ਹੀਣਤਾ ਦੀ ਭਾਵਨਾ ਨੇ, ਮਨ ਭਰਮਾ ਲਿਆ।
ਕੇਸ ਦਾਹੜੇ ਦਸਤਾਰ, ਵਲ ਗੋਰੇ ਦੇਖਦੇ ਨੇ, ਉਨ੍ਹਾਂ ਨਾਲ ਮਿਲਣੇ ਲਈ, ਸਿਰ ਮੂੰਹ ਮੁਨਾ ਲਿਆ।
ਅਗਾਂਹ ਵਧੂ ਬਣੇ ਅਸੀਂ, ਅਗਲੇ ਨਾ ਬਣੇ ਸਾਡੇ, ਨਫ਼ਰਤ ਮਿਲੀ ਅੱਗੋਂ, ਪਿੱਛਾ ਵੀ ਭੁਲਾ ਲਿਆ।
ਕਾਲਿਆ ਦਾ ਲੇਬਲ ਜੋ, ਲਾਇਆ ਚਿੱਟਿਆਂ ਨੇ ਸਾਡੇ, ਦੀਨ ਬੋਲੀ ਵਿਰਸਾ ਗੁਆ, ਕੀ ਅਸੀਂ ਲਾਹ ਲਿਆ ?
ਗੁਰੂ ਘਰੀਂ ਥੱਲੇ ਬਹਿਣ ਨਾਲ ਗੋਰੇ ਹੱਸਦੇ ਨੇ, ਕੁਰਸੀਆਂ ਨਾਲ ਗੁਰੂ ਘਰਾਂ ਨੂੰ ਸਜਾ ਲਿਆ।
ਗੁਰੂ ਦੀ ਹਜ਼ੂਰੀ ਵਿੱਚੋਂ, ਚੁੱਕ ਹੋਈਆਂ ਹੌਲੀ ਹੌਲੀ, ਲੰਗਰਾਂ ਦੀ ਕੁਰਸੀ ਨੇ, ਬਹੁਤਾ ਈ ਰੌਲਾ ਪਾ ਲਿਆ।
ਸਿੱਖੀ ਦੋਖੀਆਂ ਨੇ ਸਿੱਖੀ ਵਿੱਚ ਫ਼ੁੱਟ ਪਾਉਣ ਦੇ ਲਈ, ਥੱਲੇ ਬਹਿਣ ਦੇ ਹੱਕ ਵਾਲਿਆਂ ਨਾਲ, ਮੋਢਾ ਡਾਹ ਲਿਆ।
ਸਿੱਖੀ ਦੇ ਨਹੀਂ ਹਿਤੂ, ਹਉਮੈਂ, ਭਰੇ ਵਿਦਵਾਨ ਐਸੇ, ਮੱਥਾ ਜਿਹਨਾਂ, ਤਖਤ ਅਕਾਲ ਦੇ ਨਾਲ ਲਾ ਲਿਆ।
ਹੋਰਨਾਂ ਦੇ ਪਿੱਛੇ ਲੱਗ, ਅਸੀਂ ਆਪਾ ਭੁੱਲੀ ਜਾਂਦੇ, ਸਾਡਾ ਗੁਰੂ ਕਿਵੇਂ ਦੱਸੋ, ਮਾਫ਼ ਸਾਨੂੰ ਕਰੇਗਾ।
ਪੜ੍ਹਦੇ ਜਾਂ ਲਿਖਦੇ, ਜੋ ਬੋਲਦੇ ਸਟੇਜਾਂ ਉਤੇ, ਆਪੂੰ ਨਹੀਂ ਅਮਲ ਕੀਤਾ, ਕਿਵੇਂ ਗੁਰੂ ਜਰੇਗਾ।
ਗੁਰੂ ਦਾ ਹੁਕਮ ਭੁੱਲ, ਸਿੱਖ ਅਖਵਾਏ ਜਿਹੜਾ, ਐਸੇ ਧੋਖੇ ਬਾਜ਼ ਦੀ ਬਾਂਹ, ਗੁਰੂ ਕਿਵੇਂ ਫੜੇਗਾ।
ਸਿੱਖੀ ਵਿੱਚ ਦਾਖਲਾ ਲੈ, ਸਿੱਖਿਆ ਗੁਰੂ ਦੀ ਮੰਨੇ, ਕਿਸ਼ਨ ਤਾਂ ਹਾਮੀ, ਇੱਥੇ ਉਥੇ ਗੁਰੂ ਭਰੇਗਾ।


www.AKJ.Org

# ਸਲੋਕ ਭਗਤ ਕਬੀਰ ਜੀਉ ਕੇ
# SLOK BHAGAT KABIR JI

(By Jaspinder Singh Canada)

## TRANSLATION

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥੧॥

SLok NO.1 O Kabir! Nam of all prevalent Lord is verily my rosary on my tongue. From the earliest times all the Divine-oriented have been reciting Nam-Divine and thus enjoyed peace and bliss of mind in equipoise. -1

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥

Slok No.2 : O'Kabir! All make fun of my low caste. Indebted i am to this lowliness of caste that enabled me to recite Nam of my Lord, The creator. -2

ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ॥ ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਓ ॥੩॥

Slok No.3: O'Kabir! Why vacillate in.indecision and wavering of mind? Lord in the bestower of all bliss. Drink thou the Ecstatic nectar of His Nam. -3

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ॥ ਦੀਸਹਿ ਦਾਧੇ ਕਾਨ ਜਿਉ ਜਿਨ ਮਨਿ ਨਾਹੀ ਨਾਉ ॥੪॥

Slok NO.4 : O'Kabir! The aristocrat with rings of gold that are bejewelled and adorn their ears appear like the burnt out reeds, if they are devoid of Nam in their minds. Like the burnt reeds that shine but contain only ash, the worldly rich inspite of adornment are hollow within and useless. -4

ਕਬੀਰ ਐਸਾ ਏਕੁ ਆਧੁ ਜੋ ਜੀਵਤ ਮਿਰਤਕੁ ਹੋਇ॥ ਨਿਰਭੈ ਹੋਇ ਕੈ ਗੁਨ ਰਵੈ ਜਤ ਪੇਖਉ ਤਤ ਸੋਇ ॥੫॥

Slok No. 5 : O' Kabir! Rare is the true living-dead through self-effeacement, who may engage, fearlessly in equipoise, in Nam-devotion. Wherever I look, I find the Lord alone.-5

ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ॥ ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ ॥੬॥

Slok No. 6: O' Kabir! Ever since I renounced my selfhood, i am in perpetual bliss. I have found the lord and all my being engages in His contemplation.-6

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥੭॥

Slok No. 7: O'Kabir! self-realization has induced a deep sense of humility in me, as that of the lowliest one. Those, who have come to a similar self-realization, are my friends indeed.-7

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥ ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮॥

Slok NO. 8: O'Kabir ! Ego tried to prevail over me under various pretexts. However I was saved by my Guru who gave me true enlightenment. Haughtiness of ego is now transformed into hymility. -8

ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ॥ ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ ॥੯।

Slok No. 9 : O'Kabir! kill that (ego of selfhood) foe, whose death may usher an era of peace. All shall appreciate this victory and none shall feel bad -9

ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ॥ ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ ॥੧੦॥

Slok No. 10: O'Kabir! in the darkness of night the evil of mind proceed to loot and kill others. However in reality they are killed themeselves by the Lord .10



www.AKJ.Org

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥

Slok No.11: O'Kabir! The small plant of sandalwood is covered with other big trees and wild growth. However great is this little one that imparts its fragrance to all the others in close vicinity.-11

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨॥

Slok No. 12 O'Kabir! Yet cursed one is the (hollow) bamboo, tree, priding in its high growth. Let none suffer this self-conceit, that deprived the bamboo of the fragrance nearby. -12

**Summary of sloks1-12:**

Godly remembrance alone can ensure peace destruction of ego of selfhood. At the Door of the Guru, Godly devtion brings diversion from ego to a deep sense of humility.

Overpowering of ego is a great victory. A humble person is verily a plant of sandalwood that gives fragrance to others. Engrossed in ego persons are the evil hearted, like bamboo, that refuse the fragrance of humility. They die in mutual quarrels and fights like bamboo-fire through mutual rubbing and friction. (To be continue)

## ਸੂਰਬੀਰ ਬਚਨ ਕੇ ਬਲੀ

ਗਿਆਨੀ ਦਰਸ਼ਨ ਸਿੰਘ

ਤੂੰ ਸਾਂਦਲ ਬਾਰ ਦਾ ਸੂਰਮਾ, ਸਾਨੂੰ ਤੇਰੇ ਉਤੇ ਮਾਣ
ਤੂੰ ਸਿੰਘ ਗੁਰੂ ਦਸਮੇਸ਼ ਦਾ ਸਾਨੂੰ ਤੇਰੇ ਉਤੇ ਮਾਣ
ਤੂੰ ਗੱਭਰੂ ਸ਼ੇਰ ਪੰਜਾਬ ਦਾ, ਤੇਰੀ ਉਪਮਾ ਕਰੇ ਜਹਾਨ
ਤੂੰ ਸੁਣ ਕੇ ਸਹਿ ਨਾ ਸਕਿਉਂ, ਹੁੰਦਾ ਗੁਰੂ ਘਰ ਦਾ ਅਪਮਾਨ
ਤੇਗ ਖੂਨ ਗੁਸੇ ਵਿਚ ਖੌਲਿਆ, ਲਗੇ ਡੌਲੇ ਫ਼ਰਕਨ ਆਨ
ਤੂੰ ਕਫਣ ਬਧਾ ਸੀਸ ਤੇ, ਸੀ ਧਰੀ ਤਲੀ ਤੇ ਜਾਨ
ਤੂੰ ਤੁਰ ਪਿਉਂ ਬਦਲਾ ਲੈਣ ਨੂੰ, ਕੁਝ ਲੈ ਕੇ ਨਾਲ ਜੁਆਨ
ਤੂੰ ਕਰ ਅਰਦਾਸਾ ਟੂਰ ਪਿਉਂ, ਇਹ ਸੀਸ ਕਰਨ ਲਈ ਦਾਨ
ਕੁਝ ਹੋਰ ਵੀ ਨਿਕਲੇ ਸੂਰਮੇ, ਆ ਹੋਇਆ ਗਰਮ ਮੈਦਾਨ
ਤੂੰ ਰਿਹਾ ਨਾ ਕਿਸੇ ਦਾ ਵਰਜਿਆ, ਤੇਰਾ ਆਸ਼ਾ ਸੀ ਬਲਵਾਨ
ਤੂੰ ਪਹੁਚਿਓਂ ਛਾਲਾਂ ਮਾਰਦਾ, ਤੈਨੂੰ ਪਈ ਨਾ ਕੋਈ ਅਟਕਾਨ
ਤੂੰ ਪਹੁੰਚ ਗਿਉਂ ਦਰ ਉਸ ਤੇ, ਜਿਥੇ ਹੋ ਰਿਹਾ ਸੀ ਅਪਮਾਨ
ਤੂੰ ਸ਼ਾਂਤਮਈ ਵਿਚ ਰਹਿੰਦਿਆਂ ਕਰਨਾ ਚਾਹੁੰਦਾ ਸੈਂ ਜੀਅ ਦਾਨ
ਤੈਨੂੰ ਵੇਖ ਕੇ ਪਾਪੀ ਕੰਬਿਆ, ਕਠੇ ਕਰ ਲੇ ਕੁਝ ਸ਼ੈਤਾਨ
ਬੈਠੋਂ ਤਾਬਿਆ ਤੂੰ ਗੁਰੂ ਗਰੰਥ ਦੀ, ਕਰ ਬਾਰ ਬਾਰ ਪਰਨਾਮ
ਹੁਣ ਪਾਪ ਦਾ ਬਦਲ ਫ਼ੜਕਿਆ, ਲਗਾ ਕਹਿਰ ਦਾ ਮੀਂਹ ਵਰਸਾਨ
ਝੱਟ ਕੜ ਕੜ ਗੋਲੀ ਚਲ ਪਈ, ਸਿੰਘ ਲਗੇ ਸ਼ਹੀਦੀਆਂ ਪਾਣ
ਤੇਰਾ ਪਰਬਤ ਚਿਤ ਨਾ ਡੋਲਿਆ, ਇਹ ਵੇਖ ਕੇ ਕੁਲ ਘਮਸਾਨ
ਹੁੰਦੇ ਤਾਣ ਨਿਤਾਣਾ ਹੋ ਗਿਉ, ਤੇਰਾ ਆਸ਼ਾ ਉਚਾ ਮਹਾਨ
ਤੈਨੂੰ ਜ਼ਾਲਮ ਹੱਥਾਂ ਪਕੜਿਆ, ਤੂੰ ਧੂਹੀ ਨਾ ਕਿਰਪਾਨ
ਤੈਨੂੰ ਜੀਂਦਿਆਂ ਜੰਡਾ ਨਾਲ ਬੰਨ ਕੇ, ਲਗੇ ਬੇ ਹਦ ਕਹਿਰ ਕਮਾਣ
ਤੂੰ ਜਾਮ ਸ਼ਹੀਦੀ ਪੀਲਿਆ, ਜੜ੍ਹ ਜੁਲਮ ਦੀ ਹਿਲ ਗਈ ਆਨ
ਤੇਰੀ ਜੰਡ ਨਿਸ਼ਾਂਨੀ ਅਜੇ ਹੈ, ਵਿਚ ਨਨਕਾਣੇਂ ਜਨਮ ਅਸਥਾਨ
ਤੇਰੇ ਮੇਲੇ ਲਗਣਗੇ ਸੂਰਿਆ, ਸਦਾ ਵਸਦੇ ਵਿਚ ਜਹਾਨ
ਕਵੀ ਢਾਡੀ ਵਾਰਾਂ ਗਾਣਗੇ, ਲੈ ਲੈ ਲਛਮਣ ਸਿੰਘ ਦਾ ਨਾਮ
ਅਜ ਅਸਾਡੀ ਓਸ ਸੂਰਮ ਨੂੰ, ਹੈ ਬਾਰ ਬਾਰ ਪ੍ਰਨਾਮੋ


www.AKJ.Org

# ੩੦੦ਵਾਂ ਖਾਲਸਾ-ਸਾਜਨਾ-ਦਿਵਸ

(ਕੁਲਵੰਤ ਸਿੰਘ, ਵੈਨਕੂਵਰ ਕੈਨੇਡਾ)

ਚੜ੍ਹਿਆ ਚਾਅ ਸਿੱਖ ਕੌਮ ਦੇ ਵਾਰਸਾਂ ਅੱਜ, ਪੰਥ-ਸਾਜਨਾ-ਦਿਵਸ ਮਨਾਉਣ ਦੇ ਲਈ।
ਸਿਦਕੀ ਸੰਗਤਾਂ ਸਾਰੇ ਸੰਸਾਰ ਵਿੱਚੋਂ,ਜੁੜੀਆਂ ਕੇਸਗੜ੍ਹ ਸੀਸ ਝੁਕਾਉਣ ਦੇ ਲਈ।
ਪਾਵਨ ਪੁਰੀ-ਅਨੰਦ ਦੀ ਅੱਜ ਨਗਰੀ, ਖਿੜੀ ਖਾਸ ਖੁਸ਼ਬੂ ਖਿੰਡਾਉਣ ਦੇ ਲਈ।
ਬੱਦਲ ਪਿਆਰ ਸਤਿਕਾਰ ਦੇ ਛਾਏ ਇਥੇ,ਮੀਂਹ ਮਿਹਰ ਦਾ ਅੱਜ ਵਰਸਾਉਣ ਦੇ ਲਈ।
ਦਿਲ-ਖਿੱਚ ਦ੍ਰਿਸ਼ ਨੂੰ ਦੇਖ ਕੇ ਅੱਜ ਮਨ ਮੰਨੇ ਨਾ ਅੱਖ ਝਮਕਾਉਣ ਦੇ ਲਈ।
ਨਜ਼ਰਬੰਦ ਨਜ਼ਾਰਾ ਕਰ ਨੇਤਰਾਂ ਵਿੱਚ, ਸੁਰਤ ਜੁੜੀ ਵਿਸਮਾਦ ਸਮਾਉਣ ਦੇ ਲਈ।
ਤਿੰਨ-ਸੌਵੀਂ ਵੈਸਾਖੀ ਵਿਸ਼ੇਸ਼ ਆਈ, ਹੁਕਮ ਪਿਤਾ ਦਾ ਯਾਦ ਕਰਵਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਦਸਮ ਪਿਤਾ ਜੀ ਅੱਜ ਦਾ ਦਿਵਸ ਚੁਣਿਆ, ਖਾਸ ਆਪਣਾ ਰੂਪ ਪ੍ਰਗਟਾਉਣ ਦੇ ਲਈ।
ਭੇਟਾ ਸੀਸ ਦੀ ਮੰਗੀ ਸੀ ਗੁਰੂ ਜੀ ਨੇ, ਪੰਥ-ਖਾਲਸਾ ਅਮਰ ਬਣਾਉਣ ਦੇ ਲਈ।
ਹੋਏ ਪਰਖ ਵਿੱਚ ਪੰਜ ਪ੍ਰਵਾਨ ਪੂਰੇ, ਪ੍ਰਥਾ 'ਪੰਚ-ਪਰਧਾਨ' ਪਕਾਉਣ ਦੇ ਲਈ।
ਪਾਹੁਲ ਪੰਜਾਂ ਨੂੰ ਬਖਸ਼ ਦਸਮੇਸ਼ ਜੀ ਨੇ, ਵਰਦੀ-ਖਾਲਸਾ ਬਖਸ਼ੀ ਪਹਿਨਾਉਣ ਦੇ ਲਈ।
ਰੁਤਬਾ ਬਖਸ਼ 'ਸਰਦਾਰੀ' ਦਾ ਖਾਲਸੇ ਨੂੰ,ਬਖਸ਼ੇ 'ਬਾਣੀ ਤੇ ਬਾਣਾ' ਅਪਨਾਉਣ ਦੇ ਲਈ।
'ਸਿੰਘ' 'ਕੌਰ' ਦਾ ਸੱਭ ਨੂੰ ਨਾਮ ਦਿੱਤਾ, ਊਚ-ਨੀਚ ਦਾ ਭੇਦ ਮਿਟਾਉਣ ਦੇ ਲਈ।
ਪਾਹੁਲ ਛਕਣ ਲਈ ਪੰਜਾਂ ਦੇ ਪੇਸ਼ ਹੋਏ ਆਪੇ ਗੁਰੂ ਤੇ ਚੇਲਾ ਅਖਵਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਠੱਲ ਜਬਰ ਤੇ ਜ਼ੁਲਮ ਨੂੰ ਪਾਉਣ ਖਾਤਰ,ਲਾਈ ਚੋਟ ਨਗਾਰੇ ਦਸਮੇਸ਼ ਜੀ ਨੇ।
ਠੰਢਾ ਕੌਮ ਦਾ ਖੂਨ ਗਰਮਾ ਦਿੱਤਾ, ਪਾ ਕੇ ਗਰਜ ਪਿਆਰੇ ਦਸਮੇਸ਼ ਜੀ ਨੇ।
ਸਵਾ-ਲੱਖ ਮੁਕਾਬਲੇ ਕਰ ਕੱਲਾ, ਥਾਪੀ ਦਿੱਤੀ ਨਿਆਰੇ ਦਸਮੇਸ਼ ਜੀ ਨੇ।
ਮੌਤ ਵਿਆਹੁਣ ਲਈ, ਜੰਗਿ-ਏ-ਮੈਦਾਨ ਅੰਦਰ, ਪੁੱਤਰ ਹੱਥੀਂ ਸ਼ਿੰਗਾਰੇ ਦਸਮੇਸ਼ ਜੀ ਨੇ।
ਕਹਿਣੀ ਕਰਾਂ ਵਖਲਾ ਚਮਕੌਰ ਦੇ ਵਿੱਚ, ਪੰਥ ਬਚਨ ਸਤਿਕਾਰੇ ਦਸਮੇਸ਼ ਜੀ ਨੇ।
ਛੋਟੇ ਪੁੱਤਾਂ ਤੇ ਮਾਤਾ ਦੀ ਫਤਹਿ ਸੁਣ ਕੇ, ਛੱਡੇ ਸ਼ੁਕਰ ਜੈਕਾਰੇ ਦਸਮੇਸ਼ ਜੀ ਨੇ,
ਦਸਮ-ਪਿਤਾ ਪ੍ਰਵਾਰ ਹੱਸ ਵਾਰ ਦਿੱਤਾ, ਪਿਆਰੇ ਪੰਥ ਦੀ ਅਣਖ ਰਖਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਪੁੱਤਰ ਪੰਥ ਤੋਂ ਵਾਰ ਕੇ, ਖਾਲਸੇ ਨੂੰ, ਸੁਤ-ਸੰਤਾਨ ਸੀ ਕਿਹਾ ਦਸਮੇਸ਼ ਜੀ ਨੇ।
ਖਾਸ ਆਪਣਾ ਰੂਪ ਕਹਿ ਖਾਲਸੇ ਨੂੰ, ਪਿੰਡ-ਪ੍ਰਾਨ ਸੀ ਕਿਹਾ ਦਸਮੇਸ਼ ਜੀ ਨੇ।
ਸੂਰਾ ਅਤੇ ਸੱਜਣ ਸੱਦ ਖਾਲਸੇ ਨੂੰ, ਜਿੰਦ-ਜਾਨ ਸੀ ਕਿਹਾ ਦਸਮੇਸ਼ ਜੀ ਨੇ,
ਜੁੱਧ ਜਿੱਤਾਂ ਦਾ ਸਿਹਰਾ ਦੇ ਖਾਲਸੇ ਨੂੰ, ਆਨ-ਸ਼ਾਨ ਸੀ ਕਿਹਾ ਦਸਮੇਸ਼ ਜੀ ਨੇ।
ਫੌਜ ਆਖ ਅਕਾਲ ਦੀ ਖਾਲਸੇ ਨੂੰ,ਮਾਨ-ਤਾਨ ਸੀ ਕਿਹਾ ਦਸਮੇਸ਼ ਜੀ ਨੇ।
ਬੁੱਧ-ਗਿਆਨ ਭੰਡਾਰ ਕਹਿ ਖਾਲਸੇ ਨੂੰ, ਪੂਰਾ ਸਤਿਗੁਰੂ ਕਿਹਾ ਦਸਮੇਸ਼ ਜੀ ਨੇ।
'ਭਗਤੀ-ਸ਼ਕਤੀ' ਦਾ ਗੁਰਾਂ ਸੁਮੇਲ ਕੀਤਾ, ਖਾਲਸ 'ਸੰਤ-ਸਿਪਾਹੀ' ਪ੍ਰਗਟਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਸਮੇਂ ਸਮੇਂ ਤੇ ਸਿੰਘਣੀਆ ਅਤੇ ਸਿੰਘਾਂ, ਸੱਚਾ ਫਰਜ਼ ਨਿਭਾਇਆ ਸੀ ਖਾਲਸੇ ਦਾ।
ਨਾਲੇਂ ਜਾਨ, ਪਿਆਰੀ ਰੱਖ ਰਹਿਤ ਉਨ੍ਹਾਂ,ਕਰਮ ਧਰਮ ਕਮਾਇਆ ਸੀ ਖਾਲਸੇ ਦਾ।


www.AKJ.Org

ਮੀਰ ਮੰਨੂੰ ਦੀ ਕੈਦ ਵਿੱਚ ਪੀਸ ਚੱਕੀ, ਨਾਹਰਾ ਉਨ੍ਹਾਂ ਗੂੰਜਾਇਆ ਸੀ ਖਾਲਸੇ ਦਾ।
ਗਲਾਂ ਵਿੱਚ ਪਵਾ ਟੋਟੇ ਬੱਚਿਆਂ ਦੇ, ਉਨ੍ਹਾਂ ਸਬਰ ਪਕਾਇਆ ਸੀ ਖਾਲਸੇ ਦਾ।
ਕੇਸਾਂ ਲਈ ਲੁਹਾ ਕੇ ਖੋਪਰੀ ਨੂੰ, ਉਨ੍ਹਾਂ ਸਿਦਕ ਨਿਭਾਇਆ ਸੀ ਖਾਲਸੇ ਦਿਾ।
ਬਾਣੀ ਪੜ੍ਹਦਿਆਂ, ਬੰਦ ਕਟਵਾਏ ਉਨ੍ਹਾਂ, ਨਹੀਂ ਸਿਰਰ ਝੁਕਾਇਆ ਸੀ ਖਾਲਸੇ ਦਾ।
ਚੜ੍ਹੇ ਚਰਖੜੀ ਤੇ ਉਡੇ ਨਾਲ ਤੋਪਾਂ, ਸ਼ਾਨ ਪੰਥ ਦੀ ਹੋਰ ਚਮਕਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਕਦੀ ਸਿਰਾਂ ਦਾ ਦਾਮ ਪਵਾ ਸਿੰਘਾਂ, ਚੋਖ੍ਹਾ ਮੁੱਲ ਪਵਾਇਆ ਸੀ ਖਾਲਸੇ ਦਾ।
ਕਦੀ ਵੱਢ ਸਿਰ ਮੱਸੇ ਜਿਹੇ ਰੰਘੜਾਂ ਦਾ, ਹੱਥ ਉਨ੍ਹਾਂ ਵਖਾਇਆ ਸੀ ਖਾਲਸੇ ਦਾ।
ਕਦੀ ਸੀਸ ਰੱਖ ਤਲੀ, ਝਟਕਾਏ ਜ਼ਾਲਮ, ਨਾਂ ਉਨ੍ਹਾਂ ਚਮਕਾਇਆ ਸੀ ਖਾਲਸੇ ਦਾ।
ਕਦੀ ਨੱਕ ਭੰਨ ਨਾਦਰ, ਅਬਦਾਲੀਆਂ ਦਾ, ਸਿੱਕਾ ਉਨ੍ਹਾਂ ਜਮਾਇਆ ਸੀ ਖਾਲਸੇ ਦਾ।
ਕਦੀ ਪਾ ਨਕੇਲ ਦਰਿੰਦਿਆਂ ਦੇ, ਪਰਚਮ ਉਨ੍ਹਾਂ ਝੁਲਾਇਆ ਸੀ ਖਾਲਸੇ ਦਾ।
ਨਾ ਡਰਨ ਤੇ ਨਾ ਡਰਾਉਣ ਵਾਲਾ, ਹੋਕਾ ਉਨ੍ਹਾਂ ਸੁਣਾਇਆ ਸੀ ਖਾਲਸੇ ਦਾ।
ਸਿੰਘਾਂ ਅੱਜ ਵੀ ਸਿਦਕ ਵਿਖਾ ਦਿੱਤਾ, ਤਵਾਰੀਖ ਤਾਂਈ ਤਾਜ਼ੀ ਰਖਵਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਝਾਤੀ ਮਾਰੀਏ ਜੇ ਸਿੱਖ ਵਾਰਸਾਂ ਤੇ, ਦਸ਼ਾ ਸਿੱਖੀ ਦੀ, ਕੀ ਅੱਜ ਬਣੀ ਹੋਈ ਏ।
ਭੁੱਲ ਆਪਣਾ ਅਸਲ ਅਮੀਰ ਵਿਰਸਾ, ਹਾਲਤ ਬੁਰੀ ਸਾਡੀ ਅੱਜ ਘਣੀ ਹੋਈ ਏ।
ਸਿੱਖੀ ਬਾਣੇ ਦੀ ਗੱਲ ਤਾਂ ਦੂਰ ਕੋਹਾਂ, ਤਾਣੀ ਫੈਸ਼ਨ ਤੇ ਨਸ਼ੇ ਦੀ ਤਣੀ ਏ।
ਹੋਂਕੜ ਮਾਇਆ ਤੇ ਹਉਮੈਂ ਲਈ ਦੌੜ ਲਾ ਕੇ, ਬਿਪਤਾ ਆਪ ਹੀ ਅਸਾਂ ਨੇ ਜਣੀ ਹੋਈ ਏ।
'ਗੁਰੂ-ਗ੍ਰੰਥ ਤੇ ਪੰਥ' ਨੂੰ ਪਰੇ ਕਰਨਾ, ਪੰਥ ਦੋਖੀਆਂ ਅੱਜ ਇਹ ਠਣੀ ਹੋਈ ਏ।
'ਸ਼ਬਦ-ਗੁਰੂ' ਸਿਧਾਂਤ ਨੂੰ ਸੱਟ ਲਾਉਣੀ, ਦੇਹਧਾਰੀਆਂ ਗੱਲ ਇਹ ਗਣੀ ਹੋਈ ਏ।
ਉਠੋ ਤਿਆਗੀਏ ਮਾਇਆ ਦੀ ਨੀਂਦ ਗੂੜ੍ਹੀ, ਗੈਰਤ, ਅਣਖ ਤੇ ਰਹਿਤ ਅਪਨਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ।
ਆਓ ਪੇਸ਼ ਹੋਈਏ 'ਗੁਰੂ-ਪੰਥ' ਅੱਗੇ, ਹੋਈਆਂ ਭੁੱਲਾਂ ਨੂੰ ਅੱਜ ਬਖਸ਼ਾਉਣ ਦੇ ਲਈ।
'ਗੁਰੂ-ਪੰਥ' ਦੀਆਂ ਖੁੱਲੀਆਂ ਸਦਾ ਬਾਹਾਂ, ਗਲ੍ਹੇ ਭੁੱਲਿਆਂ ਤਾਂਈਂ ਲਗਾਉਣ ਦੇ ਲਈ।
ਛਕੀਏ ਅੱਜ ਹੀ ਖੰਡੇ ਦੀ ਪਾਹੁਲ ਪਹਿਲਾਂ, 'ਬਾਣੀ-ਬਾਣੇ' ਨੂੰ ਸਦਾ ਅਪਨਾਉਣ ਦੇ ਲਈ।
ਪੰਥਕ ਰਹਿਤ ਵਿੱਚ ਹੋਈਏ ਪ੍ਰਪੱਕ ਪੂਰੇ, ਗਰਜ ਸੱਚ ਦੀ ਉਚੀ ਗਰਜਾਉਣ ਦੇ ਲਈ।
ਰਹੀਏ ਸਦਾ ਹੀ ਦੂਰ ਦੇਹਧਾਰੀਆਂ ਤੋਂ, 'ਸ਼ਬਦ-ਗੁਰੂ' ਤੇ ਟੇਕ ਟਿਕਾਉਣ ਦੇ ਲਈ।
ਕਰੀਏ 'ਗੁਰੂ-ਗ੍ਰੰਥ ਤੇ ਪੰਥ' ਨੂੰ ਸਿਜਦਾ, ਪਰਚਮ ਪੰਥ ਦਾ ਉਚਾ ਲਹਿਰਾਉਣ ਦੇ ਲਈ।
'ਅਕਾਲ ਤਖਤ' ਤੋਂ ਸਦਾ ਲੈ ਸੇਧ ਤੁਰੀਏ, ਮੰਜਲ ਖਾਲਸਾ-ਪੰਥ ਦੀ ਪਾਉਣ ਦੇ ਲਈ।
ਪੰਥ-ਖਾਲਸਾ ਤਿੰਨ ਸੌ ਸਾਲ ਪਹਿਲਾਂ, ਪ੍ਰਗਟ ਹੋਇਆ ਸੀ ਜ਼ੁਲਮ ਮਿਟਾਉਣ ਦੇ ਲਈ॥

---

ਸਤਿਗੁਰੂ ਤੋਂ ਬੇਮੁਖ ਹੋਇਆਂ ਲਈ ਗੁਰਬਾਣੀ ਇਉਂ ਸੰਕੇਤ ਦਿੰਦੀ ਹੈ :-

**ਸਤਿਗੁਰੰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।**
**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ।**
**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ।**

(ਸਿਰੀ ਰਾਗ ਮ: ੩, ਪੰਨਾ ੩੦)

# ਗੁਰੂ ਸਵਾਰੇ ਭਾਈ ਸਾਹਿਬ ਡਾ: ਪ੍ਰੀਤਮ ਸਿੰਘ ਜੀ,ਅਨਜਾਣ ਜਲੰਧਰ ਵਾਲੇ

ਦੁਨੀਆਂ ਵਿਚ ਹਜ਼ਾਰਾਂ ਹੀ ਲੋਕ ਰੋਜ਼ਾਨਾ ਜਨਮ ਲੈਂਦੇ ਹਨ ਤੇ ਹਜ਼ਾਰਾਂ ਹੀ ਰੋਜ਼ਾਨਾ ਮਰ ਜਾਂਦੇ ਹਨ। ਜਦੋਂ ਜਦੋਂ ਕਿਸੇ ਦਾ ਸਮਾਂ ਆਉਂਦਾ ਹੈ ਉਦੋਂ ਹੀ ਉਹ ਵੱਖੋ ਵੱਖ ਤਰੀਕਿਆਂ, ਜੋ ਉਸਦੇ ਵਾਸਤੇ ਕਰਤਾ ਪੁਰਖ ਵਾਹਿਗੁਰੂ ਵੱਲੋਂ ਪਹਿਲਾਂ ਹੀ ਮਿਥੇ ਹੋਏ ਹੁੰਦੇ ਹਨ ਨਾਲ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਇਹਨਾਂ ਵਿਚੋਂ ਵਿਰਲੇ ਮਨੁੱਖ ਅਜਿਹੇ ਹੁੰਦੇ ਹਨ ਜੋ ਇਸ ਦੁਨੀਆਂ ਵਿਚ ਕੀਤੇ ਹੋਏ ਸ਼ੁਭ ਕੰਮਾਂ ਸਦਕਾ ਲੋਕਾਂ ਦੇ ਦਿਲਾਂ ਵਿਚ ਅਜਿਹੀ ਥਾਂ ਬਣਾ ਲੈਂਦੇ ਹਨ ਕਿ ਉਹਨਾਂ ਨੂੰ ਇਸ ਸੰਸਾਰ ਵਿਚੋਂ ਕੂਚ ਕਰ ਜਾਣ ਤੋਂ ਬਾਅਦ ਵੀ ਲੰਮੇ ਸਮੇਂ ਤੱਕ ਯਾਦ ਰੱਖਿਆ ਜਾਂਦਾ ਹੈ। ਦੁਨੀਆਂ ਵਿਚ ਬਹੁਤ ਸਾਰੇ ਲੋਕ ਕਈ ਤਰਾਂ ਦੀ ਸ਼ੋਹਰਤ ਪ੍ਰਾਪਤ ਕਰਦੇ ਹਨ ਇਹਨਾਂ ਵਿਚੋਂ ਧਾਰਮਿਕ ਤੌਰ ਤੇ ਪ੍ਰਾਪਤ ਕੀਤੀ ਸ਼ੋਹਰਤ ਨੂੰ ਬਹੁਤ ਆਦਰ ਮਾਣ ਦਿਤਾ ਜਾਂਦਾ ਹੈ। ਪ੍ਰੰਤੂ ਆਮ ਦੇਖਣ ਵਿਚ ਆਉਂਦਾ ਹੈ ਕਿ ਅਜਿਹੀ ਪ੍ਰਸਿੱਧੀ ਅਤੇ ਸਤਿਕਾਰ ਪ੍ਰਾਪਤ ਵਿਅਕਤੀ ਆਪਣੇ ਦੁਨਿਆਵੀ ਸਮੇਂ ਵਿਚ ਹੀ ਸਤਿਕਾਰ ਦੀ ਟੀਸੀ ਉਤੇ ਪਹੁੰਚ ਕੇ ਆਪਣੇ ਹਉਮੈ ਹੰਕਾਰ ਅਤੇ ਹੋਰ ਕਈ ਕਾਰਨਾਂ ਕਰਕੇ ਇਸ ਸ਼ੋਹਰਤ ਨੂੰ ਗਵਾ ਬੈਠਦੇ ਹਨ ਤੇ ਓਸ ਮੁਕਾਮ ਤੇ ਪਹੁੰਚ ਜਾਂਦੇ ਹਨ ਇੱਥੇ ਉਹਨਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਰਹਿ ਜਾਂਦੀ। ਕਰੋੜਾਂ ਵਿਚ ਕੋਈ ਵਿਰਲੇ ਹੀ ਅਜਿਹੇ ਮਨੁੱਖ ਹੁੰਦੇ ਹਨ ਜੋ ਇਸ ਸੰਸਾਰ ਵਿਚ ਪ੍ਰਸੰਸਾ ਖਟਦੇ ਹੋਏ ਹੀ ਆਪਣੀ ਸ਼ੋਹਰਤ ਦੀ ਜੋਬਨ ਰੁੱਤੇ ਹੀ ਇਸ ਸੰਸਾਰ ਤੋਂ ਕੂਚ ਕਰਕੇ ਆਪਣੇ ਪਿਆਰੇ ਪ੍ਰੀਤਮ, ਪਰਮ ਪਿਤਾ ਵਾਹਿਗੁਰੂ ਦੀ ਗੋਦੀ ਜਾ ਬਿਰਾਜਦੇ ਹਨ। ਹਾਂ ਜੀ । ਅਜਿਹੇ ਵਿਰਲੇ ਵਡਭਾਗੇ ਜਨ ਹੀ ਹੁੰਦੇ ਹਨ ਜਿਹੜੇ ਆਪਣੇ ਪੂਰਬਲੇ ਜਨਮਾਂ ਵਿਚ ਕੀਤੀ ਭਗਤੀ ਸਦਕਾ ਪੁੱਗ ਖਲੋਤੇ ਹੁੰਦੇ ਹਨ ਤੇ ਇਸ ਜਾਮੇ ਵਿਚ ਮੁਕਤ ਹੋਣ ਲਈ ਗੁਰੂ ਨਾਨਕ ਦੀ ਸਿੱਖੀ ਨਿਭਾਉਣ ਦੀ ਖਾਤਰ ਜਨਮ ਲੈਂਦੇ ਹਨ ਤੇ ਜਿਤਨਾ ਵੀ ਸਮਾਂ ਵਾਹਿਗੁਰੂ ਵੱਲੋਂ ਉਹਨਾਂ ਨੂੰ ਇਸ ਸੰਸਾਰ ਵਿਚ ਮਨੁੱਖੀ ਜਾਮੇ ਵਿਚ ਨਿਭਾਉਣ ਦੀ ਖਾਤਰ ਮਿਲਦਾ ਹੈ ਉਸਨੂੰ ਸਫ਼ਲ ਕਰਦੇ ਹੋਏ, ਰਸਤੇ ਵਿਚ ਪ੍ਰੀਖਿਆ ਰੂਪੀ ਆਉਣ ਵਾਲੀਆਂ ਅਨਿਕ ਪ੍ਰਕਾਰੀ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਆਪਣੇ ਸੱਜਣਾਂ ਗੁਰਸਿਖ ਸੰਗਤਾਂ ਦੀਆਂ ਅਸੀਸੜੀਆਂ ਲੈਂਦੇ ਹੋਏ ਹੀ ਦਰਗਾਹੇ ਮੁਖ ਉਜਲੇ ਲੈ ਹਾਜ਼ਰ ਹੁੰਦੇ ਹਨ ਤੇ ਆਪਣੇ ਸਾਹਿਬ ਨਾਲ ਮਿਲ ਜਾਂਦੇ ਹਨ। ਅਜਿਹੇ ਹੀ ਇਕ ਰੰਗਲੇ ਸੱਜਣ ਸਨ ਡਾਕਟਰ ਪ੍ਰੀਤਮ ਸਿੰਘ ਜੀ ਜਲੰਧਰ ਵਾਲੇ। ਗੁਰਬਾਣੀ ਦਾ ਫੁਰਮਾਨ ਹੈ :–

*ਧੰਨੁ ਧੰਨੁ ਸੋ ਗੁਰਸਿਖ ਕਹੀਐ, ਜੋ ਸਤਿਗੁਰ ਚਰਣੀ ਜਾਇ ਪਇਆ। ਧੰਨੁ ਧੰਨੁ ਸੋ ਗੁਰਸਿਖ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ। ਧੰਨੁ ਧੰਨੁ ਸੋ ਗੁਰਸਿਖ ਕਹੀਐ ਜਿਸੁ ਹਰਿ ਨਾਮੁ ਸੁਣਿਐ ਮਨਿ ਅਨਦੁ ਭਇਆ। ਧੰਨੁ ਧੰਨੁ ਸੋ ਗੁਰਸਿਖ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮਿ ਲਇਆ। ਤਿਸੁ ਗੁਰਸਿਖੁ ਕਉ ਹਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੮॥*

(ਵਡਹੰਸ ਕੀ ਵਾਰ, ਪਉੜੀ ੧੮)

ਉਪਰੋਕਤ ਪਉੜੀ ਦੀ ਹਰੇਕ ਸਤਰ ਦੇ ਭਾਵ ਨੂੰ ਆਪਣੇ ਜੀਵਨ ਉਪਰ ਘਟਾਉਣ ਵਾਲੇ ਡਾਕਟਰ ਪ੍ਰੀਤਮ ਸਿੰਘ ਜੀ ਦਾ ਜਨਮ ਭਾਈ ਜਸਵੰਤ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਜਸਬੀਰ ਕੌਰ ਜੀ ਦੀ ਕੁੱਖ ਤੋਂ 24 ਅਪ੍ਰੈਲ 1961 ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਜਲੰਧਰ ਸ਼ਹਿਰ ਦੇ ਅਖੰਡ ਕੀਰਤਨੀ ਜੱਥੇ ਨਾਲ ਸਬੰਧਤ ਮੋਢੀ ਸਿੰਘਾਂ ਵਿਚੋਂ ਇਕ ਹਨ ਅਤੇ ਮਾਤਾ ਜੀ ਵੀ ਮੁਖੀ ਕੀਰਤਨੀਆਂ ਵਿਚ ਗਿਣੇ ਜਾਂਦੇ ਹਨ। ਸੋ ਇਸ ਪ੍ਰਕਾਰ ਗੁਰਸਿੱਖੀ ਦੀ ਲਾਗ, ਘਰੇਲੂ ਧਾਰਮਿਕ ਮਾਹੌਲ ਅਤੇ ਪੂਰਬਲੇ ਕਰਮਾਂ ਦਾ ਸੰਜੋਗ ਅਜਿਹਾ ਜੁੜਿਆ ਕਿ ਆਪ ਬਚਪਨ ਤੋਂ ਹੀ ਨਾਮ ਰੰਗ ਵਿਚ ਰਤੇ ਰਹਿੰਦੇ ਸਨ। ਮਾਤਾ ਪਿਤਾ ਜੀ ਨਾਲ ਕੀਰਤਨ ਸਮਾਗਮ ਤੇ ਜਾਣਾ ਤੇ ਸੰਗਤ ਦੇ ਵਿਚੋਂ ਦੀ ਲੰਘ ਕੇ ਅੱਗੇ ਜਾ ਕੇ ਕੀਰਤਨ ਸਿੰਘਾਂ ਦੇ ਨਾਲ ਜਾ ਬੈਠਣਾ ਅਤੇ ਮਸਤ ਹੋ ਜਾਣਾ। ਆਪ ਜੀ ਆਪਣੇ ਹੋਰ ਦੋ ਭਰਾਵਾਂ ਅਤੇ ਛੇ ਭੈਣਾਂ ਵਿਚੋਂ ਸੰਸਾਰਿਕ


www.AKJ.Org

ਪੜ੍ਹਾਈ ਵਿਚੋਂ ਅਵੱਲ ਰਹੇ ਅਤੇ ਹੋਮਿਉਪੈਥੀ ਡਾਕਟਰੀ ਦੀ ਪੜ੍ਹਾਈ ਕੀਤੀ। ਡਾਕਟਰੀ ਵਰਗੇ ਔਖੇ ਵਿਸ਼ੇ ਦੀ ਪੜ੍ਹਾਈ ਦੇ ਨਾਲ ਹੀ ਆਪ ਜੀ ਨੇ ਗੁਰਮਤਿ ਦੀ ਵਿਦਿਆ ਵੀ ਪੂਰੀ ਲਗਨ ਨਾਲ ਮਨ ਲਗਾ ਕੇ ਆਪਣੇ ਮਾਤਾ ਪਿਤਾ ਤੇ ਹੋਰ ਗੁਰਸਿੱਖਾ ਪਾਸੋਂ ਪ੍ਰਾਪਤ ਕੀਤੀ। ਆਪ ਜੀ ਨੂੰ ਬਹੁਤ ਸਾਰੀ ਗੁਰਬਾਣੀ ਕੰਠ ਸੀ ਤੇ ਆਪ ਪੰਜ ਬਾਣੀਆਂ ਦੇ ਨਿਤਨੇਮ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬਾਣੀਆਂ ਦਾ ਜਾਪ ਨਿਤਾਪ੍ਰਤਿ ਕਰਦੇ ਸਨ। ਆਪ ਜੀ ਵਿਚ ਸੁਰਤਿ ਸ਼ਬਦ ਦਾ ਜੋੜ ਅਜਿਹਾ ਵਿਆਪਕ ਸੀ ਕਿ ਜਦੋਂ ਆਪ ਗੁਰਬਾਣੀ ਦਾ ਕੀਰਤਨ ਕਰਦੇ ਤਾਂ ਬਾਣੀ ਦਾ ਭਾਵਾਂ ਨਾਲ ਜੁੜ ਕੇ ਵਿਸਮਾਦ ਰੰਗਾਂ ਵਿਚ ਰੰਗੇ ਹੋਏ ਵੈਰਾਗ ਵਿਚ ਭਿਜੇ ਹੋਏ ਸ਼ਬਦ ਉਚਾਰਦੇ ਤਾਂ ਸਰੋਤੇ ਵੀ ਮੰਤਰ ਮੁਗਧ ਹੋ ਉਠਦੇ।

ਆਪ ਜੀ ਦਾ ਮਨ ਹਮੇਸ਼ਾਂ ਸਿੱਖ ਪੰਥ ਵਿਚ ਵੜ ਚੁੱਕੇ ਕੁਰਹਿਤਾਂ ਰੂਪੀ ਜ਼ਹਿਰ ਨੂੰ ਦੇਖਕੇ ਤੜਫਾਉਂਦਾ ਰਹਿੰਦੇ ਤੇ ਆਪ ਸਮੇਂ ਸਮੇਂ ਆਪਣੇ ਲਿਖਤਾਂ ਰਾਹੀਂ ਇਹਨਾਂ ਕੁਰੀਤੀਆਂ ਅਤੇ ਵਿਖਾਵਿਆ ਵਿਰੁਧ ਆਵਾਜ਼ ਉਠਾਉਂਦੇ ਰਹੇ ਤੇ ਆਪਣ ਸੰਗੀ ਸਾਥੀਆ ਨੂੰ ਇਹਨਾਂ ਕੁਰੀਤੀਆਂ ਤੋਂ ਬਚਣ ਅਤੇ ਇਹਨਾਂ ਵਿਰੁੱਧ ਡਟਣ ਦੀ ਪ੍ਰੇਰਨਾ ਦਿੰਦੇ ਰਹੇ।

ਕੀਰਤਨ ਸਮਾਗਮਾ ਵਿਚ ਕੀਰਤਨੀਆਂ ਵੱਲੋਂ ਬਗੈਰ ਕਿਸੇ ਗੁਰਬਾਣੀ ਅਧਿਅਨ ਅਤੇ ਹੋਰ ਵਿਚਾਰ ਤੋਂ ਦਿੱਤੇ ਜਾਂਦੇ ਅਢੁਕਵੇਂ ਪ੍ਰਮਾਣਾਂ ਤੇ ਚੋਟ ਕਸਦਿਆਂ ਆਪ ਨੇ ਲਿਖਿਆ ਹੈ।'' ਸਾਨੂੰ ਜੱਥੇ ਵਾਲਿਆਂ ਨੂੰ ਕੀ ਲੋੜ ਗੁਰਬਾਣੀ ਅਧਿਅਨ ਦੀ। ਅਸੀਂ ਧੁਰੋਂ ਪੜੇ ਹੋਏ, ਪ੍ਰਗ ਖਲੋਤੇ ਤੇ ਸਿਰਮੌਰ। ਬਾਕੀ ਸਭ ਚੌਰਾਸੀ। ਅਢੁਕਵੇਂ ਪ੍ਰਮਾਣ, ਅਣ ਢੁਕਵੀਆਂ ਤੁਕਾਂ ਦੀ ਜੜਤ ਅਤੇ ਕੁਥਾਵੇਂ ਗੁਰਮੰਤਰ ਦੀ ਧੁਨੀ ਲਾਉਣੀ ਜਿਵੇਂ ਸਾਡੀ ਪਛਾਣ ਬਣ ਗਈ ਹੋਵੇ।'' ਤੇ ਫਿਰ ਪ੍ਰਮਾਤਮਾ ਨੂੰ ਬੇਨਤੀ ਕਰਦੇ ਹਨ ''ਯਾ ਖੁਦਾ ਸਾਨੂੰ ਐਸੀ ਪਛਾਣ ਤੋਂ ਵਿਰਲਾ ਰੱਖ ਅਤੇ ਐਸਾ ਨਵ-ਜਨਮ ਬਖਸ਼ ਜਿਸ ਵਿਚ ਅਸੀਂ ਕੇਵਲ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਸਕਣ ਦੀ ਸਮਰੱਥਾ ਰੱਖਦੇ ਹੋਏ, ਗੁਰਬਾਣੀ ਪਾਠ, ਗੁਰਬਾਣੀ ਕੀਰਤਨ, ਗੁਰਬਾਣੀ ਵੀਚਾਰ, ਗੁਰ ਇਤਿਹਾਸ ਨੂੰ ਗੁਰਮਤਿ ਕਸੌਟੀ ਉਤੇ ਐਸੀ ਨਿਮਰ ਅਤੇ ਤੀਖਣ ਬੁਧੀ ਨਾਲ ਵਾਚ ਸਕੀਏ ਕਿ ਨਿਰੋਲ ਨਾਮ-ਰਸੀਕ ਰੰਗਲੇ ਸੱਜਣ ਹੋ ਨਿਬੜਨਾ ਹੀ ਸਾਡੀ ਪਛਾਣ ਬਣ ਸਕੇ।''

ਗੁਰਬਾਣੀ ਦੇ ਫੁਰਮਾਣ ''ਪ੍ਰਿਥਮੈ ਮਨੁ ਪਰਬੋਧਹ ਅਪਨਾ, ਪਾਛੈ ਅਵਰ ਰੀਝਾਵੈ'' ਨੂੰ ਆਪ ਜੀ ਨੇ ਆਪਣੇ ਜੀਵਨ ਵਿਚ ਪੂਰੀ ਤਰਾਂ ਘਟਾਇਆ ਅਤੇ ਆਪਣੇ ਹੋਰ ਸੰਗੀ ਸਾਥੀਆਂ ਨੂੰ ਵੀ ਸ੍ਵੈ-ਪੜਚੋਲ ਕਰ ਕੇ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣੇ ਜੀਵਨ ਢਾਲਣ ਦੀ ਪ੍ਰੇਰਨਾ ਦਿੰਦੇ ਰਹੇ। ਗੁਰਬਾਣੀ ਦਾ ਅਥਾਹ ਪਿਆਰ ਸਤਿਕਾਰ ਆਪਣੇ ਹਿਰਦੇ ਵਿਚ ਸਮੋਈ ਰੱਖਦੇ। ਅਜਿਹੇ ਸਤਿਕਾਰ ਦੀ ਨਿਸ਼ਾਨੀ ਵਲੋਂ ਆਪ ਜੀ ਨੇ ਆਪਣੇ ਕਰਕਮਲਾ ਨਾਲ ਪੰਜ ਬਾਣੀਆਂ ਦੀ ਪੋਥੀ ਲਿਖ ਕੇ ਆਪਣੀ ਸਿੰਘਣੀ ਨੂੰ ਅਮੋਲਕ ਤੋਹਫੇ ਵਜੋਂ ਭੇਟ ਕੀਤੀ।

ਆਪ ਜੀ ਲੋੜਵੰਦਾਂ ਦੀ ਹਰ ਤਰਾਂ ਦੀ ਮੱਦਦ ਕਰਨ ਲਈ ਸਦਾ ਤਤਪਰ ਰਹਿੰਦੇ ਸਨ। ਕਿਸੇ ਦੀ ਮੱਦਦ ਕਰਨ ਲੱਗਿਆ ਆਪ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕਰਦੇ ਸਨ। ਇਕਵਾਰ ਦਿੱਲੀ ਗਏ ਹੋਇਆਂ ਕਿਸੇ ਦੇ ਘਰ ਅੱਗ ਲੱਗ ਗਈ। ਉਸ ਘਰ ਵਿਚ ਇਕ ਬੱਚਾ ਫਸਿਆ ਹੋਇਆ ਸੀ। ਆਪ ਜੀ ਨਿਧੜਕ ਹੋ ਕੇ ਅੱਗ ਦੀਆਂ ਲਪਟਾ ਵਿਚੋਂ ਲੰਘਦੇ ਹੋਏ ਉਸ ਬੱਚੇ ਨੂੰ ਬਾਹਰ ਚੁਕ ਕੇ ਲਿਆਏ ਤੇ ਬੱਚੇ ਦੇ ਮਾਂ ਪਿਓ ਤੇ ਹੋਰਨਾਂ ਲੋਕਾਂ ਦੀਆਂ ਅਸੀਸਾਂ ਦੇ ਪਾਤਰ ਬਣੇ।

ਭਾਈ ਪ੍ਰੀਤਮ ਸਿੰਘ ਜੀ 'ਅਨਜਾਣ' ਆਪਣੇ ਜੀਵਨ ਦਾ ਹਰ ਪਲ ਗੁਰਬਾਣੀ ਆਸ਼ੇ ਅਨੁਸਾਰ ਜੀਉਣਾ ਲੋਚਦੇ ਸਨ। ਕੇਵਲ ਇੱਛਾਂ ਹੀ ਨਹੀਂ ਸਨ ਰੱਖਦੇ ਸਗੋਂ ਇਸਨੂੰ ਅਮਲੀ ਜੀਵਨ ਵਿਚ ਘਟਾਉਣ ਦੀ ਵੀ ਹਮੇਸ਼ਾ ਕੋਸ਼ਿਸ਼ ਕਰਦੇ ਰਹਿੰਦੇ। ਆਪਣੇ ਆਪ ਨੂੰ ਅਤਿ ਨੀਚ ਕਹਿੰਦੇ ਹੋਏ ਆਪ ਆਪਣੀ ਸਿੰਘਣੀ ਨੂੰ ਸੰਬੋਧਨ ਕਰਦੇ ਹੋਏ ਲਿਖਦੇ ਹਨ ''ਵੈਸੇ ਮੈਂ ਕੌੜਾ, ਗੰਦਾ, ਬੇਹਯਾ ਸਭ ਕੁਝ ਹਾ ਪਰ ਖੋਟ ਕਮਾਉਣ ਤੋਂ ਹਮੇਸ਼ਾ ਡਰਦਾ ਰਹਿੰਦਾ ਹਾਂ। ਹੋ ਸਕਦੈ ਇਹੀ ਡਰ ਕਿਸੇ ਦਿਨ ਮੇਰੇ ਵਿਚ ਕੋਈ ਭਾਰੀ ਤਬਦੀਲੀ ਪੈਦਾ ਕਰ ਦੇਵੇ ਤੇ ਮੈਂ ਇਕ ਅੱਛਾ ਇਨਸਾਨ ਬਣ ਕੇ ਅੱਛਾ ਜੀਵਨ ਸਾਥੀ ਬਣ ਸਕਾਂ। ਜਦੋਂ ਪਿਆਰੇ ਦੇ ਬੋਲ ਅਤੇ

ਬਾਣੀ ਦੇ ਕਲੋਲ ਹੀ ਸਾਡਾ ਜੀਵਨ ਬਣ ਜਾਏ। ਉਂਜ ਤਾਂ ਵੈਸਾਖ ਮਾਹ ਦੀ ਮਿਲਾਪ ਤਾਂਘ ਅਤੇ ਜੇਠ ਦਾ "ਜੁੜੰਦਾ ਲੋੜੀਏ" ਦੋਵੇਂ ਮਹੀਨੇ ਅਸਾਡੇ ਲਈ ਵਰਦਾਨ ਹਨ। ਫਿਰ ਪਤਾ ਨਹੀਂ ਕਿਉਂ ਭਾਗ ਢਿੱਲੇ ਹੋਏ ਪਏ ਹਨ। ਰਲ ਕੇ ਖ਼ੂਬ ਮਿਹਨਤ ਕਰੀਏ ਅਤੇ ਗੁਰੂ ਸਾਹਿਬ ਦੇ ਚਿਤਰੇ ਹੋਏ ਦੋਵੇਂ ਮਹੀਨਿਆਂ ਮੁਤਾਬਕ ਪਿਆਰ ਦੀ ਤੜਪ ਅਤੇ ਫਿਰ ਪਿਆਰ ਦੇ ਹੁਲਾਰੇ ਵਿਚ ਗੁਰਸਿੱਖੀ ਜੀਵਨ ਨਿਹਾਰੀਏ। ਸਾਡਾ ਦੋਹਾ ਦਾ ਜਨਮ ਵੈਸਾਖ ਮਹੀਨੇ ਹੀ ਹੋਣਾ ਕੋਈ ਛੋਟੀ ਜਿਹੀ ਜਾਂ ਆਮ ਗੱਲ ਨਹੀਂ ਇਸ ਦੀ ਡੂੰਘੀ ਰਮਜ਼ ਨੂੰ ਪਛਾਨਣਾ ਸਾਡੇ ਲਈ ਹੋਰ ਵੀ ਜ਼ਰੂਰੀ ਹੈ।"

ਆਪ ਜੀ ਗੁਰਮਤਿ ਦੀ ਖੋਜ ਵਜੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਨੂੰ ਬੜੇ ਗਹੁ ਨਾਲ ਪੜਦੇ ਵਿਚਾਰਦੇ ਅਤੇ ਇਹਨਾਂ ਪੁਸਤਕਾਂ ਵਿਚੋਂ ਗੁਰਬਾਣੀ ਤੇ ਅਧਾਰਤ ਆਦਰਸ਼ਕ ਸਿੱਖ ਦਾ ਨਮੂਨਾ ਤੱਕ ਕੇ ਆਪਣੇ ਆਪ ਉਤੇ ਘਟਾਉਂਦੇ ਅਤੇ ਹੋਰਨਾਂ ਨੂੰ ਇਸਦੀ ਪ੍ਰੇਰਨਾ ਕਰਦੇ। ਇਹਨਾਂ ਪੁਸਤਕਾਂ ਤੋਂ ਹੀ ਪ੍ਰਭਾਵਤ ਹੋ ਕੇ ਆਪ ਤੱਤ ਗੁਰਮਤਿ ਦੇ ਪਹਿਰੇ ਵਿਚ ਪੈ ਰਹੀਆਂ ਢਿੱਲਾਂ ਤੋਂ ਖ਼ਬਰਦਾਰ ਕਰਦੇ ਹੋਏ ਲਿਖਦੇ ਹਨ "ਸਾਨੂੰ ਅੱਜ ਤੱਤ ਖਾਲਸੇ ਦੀ ਲੋੜ ਹੈ ਜਿਹੜਾ ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਤਿਆਰ ਕੀਤਾ ਸੀ। ਸਿਰਫ਼ ਅੰਮ੍ਰਿਤ ਛਕਾ ਕੇ ਅੰਮ੍ਰਿਤਧਾਰੀਆਂ ਦੀ ਗਿਣਤੀ ਵਿਚ ਵਾਧਾ ਕਰਨਾ ਹੀ ਸਾਡਾ ਉਦੇਸ਼ ਨਹੀਂ ਹੋਣਾ ਚਾਹੀਦਾ ਬਲਕਿ ਉਤਮ ਉਚ ਕਮਾਈਆਂ ਵਾਲਾ ਧਰਮੀ ਅਤੇ ਪ੍ਰੈਕਟੀਕਲ ਗੁਰਸਿੱਖੀ ਜੀਵਨ ਵਾਲੇ ਖਾਲਸੇ ਦੀ ਸਾਨੂੰ ਲੋੜ ਹੈ। ਜਿਵੇਂ ਕਿ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਰੰਗਲੇ ਸਜਣ ਵਿਚ ਲਿਖਿਆ ਹੈ ਕਿ ਉਸ ਵੇਲੇ ਅੰਮ੍ਰਿਤ ਸੰਚਾਰ ਦੀ ਕੀ ਪ੍ਰਥਾ ਸੀ। ਪੰਚ ਜਨ ਜਾਂ ਅੰਮ੍ਰਿਤ ਅਭਿਲਾਸ਼ੀ ਕਿਸ ਤਰਾਂ ਦੇ ਜੀਵਨ ਵਾਲੇ ਹੋਣੇ ਚਾਹੀਦੇ ਹਨ। ਮਨ ਤਨ ਕਰਕੇ ਗੁਰਬਾਣੀ ਨਾਲ ਰੱਤੇ ਜੁੜੇ ਹੋਏ ਪੰਚ ਜਨ ਹੀ ਉਨ੍ਹਾਂ ਅੰਮ੍ਰਿਤ ਅਧਿਕਾਰੀਆਂ ਦੀ ਚੋਣ ਕਰ ਸਕਦੇ ਹਨ ਜਿਹੜੇ ਅੰਮ੍ਰਿਤ ਦੀ ਸਾਰ ਜਾਣਨ ਵਾਲੇ ਹੋਣ। ਪਰ ਅੱਜ ਸਿੱਖ ਪੰਥ ਨੇ ਅਤੇ ਅਸਾਡੇ ਅਖੰਡ ਕੀਰਤਨੀ ਜੱਥੇ ਨੇ ਅੰਮ੍ਰਿਤ ਸੰਚਾਰ ਦੀ ਮਰਯਾਦਾ ਵਿਚ ਮਨ-ਮਰਜੀ ਨਾਲ ਜੋ ਤਬਦੀਲੀਆਂ ਲਿਆਂਦੀਆਂ ਹਨ ਉਨ੍ਹਾਂ ਨਾਲ ਖਾਲਸਾ ਪੰਥ ਗਿਰਾਵਟ ਵੱਲ ਜਾ ਰਿਹਾ ਹੈ। ਅਸਾਡੀ ਰਹਿਤ ਮਰਿਆਦਾ ਵਿਚ ਮਨ ਭਾਉਂਦੀਆਂ ਤਬਦੀਲੀਆਂ ਦਾ ਹੀ ਸਿੱਟਾ ਹੈ ਜੋ ਸਿੱਖ ਨੌਜਵਾਨ ਪਤਿਤਪੁਣੇ ਤੇ ਨਸ਼ਿਆਂ ਵਿਚ ਗਲਤਾਨ ਹੋ ਰਹੇ ਹਨ। ਇਸ ਪ੍ਰਕਾਰ ਆਪ ਹਰ ਸਮੇਂ ਤੱਤ ਗੁਰਮਤਿ ਪਹਿਰੇ ਦੀ ਲੋਚਾ ਕਰਦੇ ਹੋਏ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਫੜਫੜਾਉਂਦੇ ਰਹਿੰਦੇ ਸਨ। ਆਪ ਜੀ ਦੇ ਜੀਵਨ ਦੀ ਅਜਿਹੀਆਂ ਹੀ ਕਈ ਘਟਨਾਵਾਂ ਨੂੰ ਕਲਮਬੱਧ ਕਰਨ ਲਗੀਏ ਤਾਂ ਭਾਵੇਂ ਇਕ ਪੂਰੀ ਕਿਤਾਬ ਹੀ ਬਣ ਜਾਵੇ।

ਪੁਰਾਤਨ ਗੁਰਸਿੱਖਾਂ ਦੇ ਪੂਰਨਿਆਂ ਤੇ ਚਲਦੇ ਹੋਏ ਹਰ ਸਮੇਂ ਨਾਮ ਦੇ ਰੰਗਣ ਵਿਚ ਰੰਗੀਜੇ ਰਹਿਣ ਸਦਕਾ ਆਪ ਜੀ ਨੂੰ ਆਪਣੇ ਅੰਤਲੇ ਸਮੇਂ ਦੀ ਸੋਝੀ ਹੋ ਚੁੱਕੀ ਸੀ ਜਿਸਨੂੰ ਆਪਨੇ ਕਿਸੇ ਪਾਸ ਜਤਾਇਆ ਨਹੀਂ ਪਰ ਸਮੇਂ ਸਮੇਂ ਆਪਜੀ ਵੱਲੋਂ ਸਹਿਜ ਸੁਭਾਏ ਕਹੇ ਬਚਨਾਂ ਵਿਚ ਤਿਸਦੀ ਝਲਕ ਦਿਸ ਜਾਂਦੀ ਹੈ। ਬਸਤੀ ਸ਼ੇਖ ਜਲੰਧਰ ਵਿਖੇ ਕੀਰਤਨ ਸਮਾਗਮ ਵੇਲੇ ਸੰਗੀ ਸਾਥੀ ਤੇ ਹੋਰ ਸਿੰਘਾਂ ਪਾਸ ਸਹਿਜ ਸੁਭਾਏ ਇਹ ਬਚਨ ਉਚਾਰਨੇ ਕਿ 'ਸਿਰ ਵਿਚ ਸੱਟਾਂ ਲੱਗਣੀਆਂ। ਸਮਾਂ ਬਹੁਤ ਥੋੜਾ ਹੈ ਕੰਮ ਕਰਨ ਵਾਲੇ ਬਹੁਤ ਹਨ। ਇਕ ਉਦਾਹਰਣ ਹੈ।

ਪਰ ਆਪਣੇ ਇਸ ਪ੍ਰਕਾਰ ਦੇ ਅੰਤ ਸਮੇਂ ਦੀ ਸੋਝੀ ਹੋਣ ਉਪ੍ਰੰਤ ਵੀ ਆਪ ਜੀ ਨੇ ਆਪਣੇ ਜੀਵਨ ਵਿਚ ਕੋਈ ਢਿਲ ਜਾਂ ਤਬਦੀਲੀ ਨਹੀਂ ਆਉਣ ਦਿੱਤੀ ਤੇ ਭਾਣਾ ਮੰਨਣ ਦਾ ਹੀ ਸੰਕਲਪ ਕੀਤਾ। ਕੁਝ ਸਮਾਂ ਪਹਿਲਾਂ ਹੀ ਆਪ ਜੀ ਦੇ ਮਾਤਾ ਜੀ ਨੂੰ ਵੀ, ਆਪ ਦੇ ਸੜਕ ਹਾਦਸੇ ਵਿਚ ਚਲਾਣਾ ਕਰ ਜਾਣ ਦਾ ਸੁਪਨਾ ਆਇਆ ਤਾਂ ਆਪ ਜੀ ਨੇ ਬਜਾਏ ਕਿ ਉਹਨਾਂ ਦਾ ਮਨ ਭਰਮਾਉਣ ਲਈ ਕੋਈ ਹੋਰ ਗੱਲ ਕਹਿਣ ਦੇ ਆਖਿਆ, "ਗੁਰੂ ਮਹਾਰਾਜ ਦਾ ਸ਼ੁਕਰ ਕਰੋ। ਹੋ ਸਕਦਾ ਹੈ ਗੁਰੂ ਸਾਹਿਬ ਨੇ ਆਪ ਜੀ ਨੂੰ ਇਸ਼ਾਰਾ ਦਿੱਤਾ ਹੋਵੇ ਸੋ ਗੁਰੂ ਸਾਹਿਬ ਦੇ ਭਾਣੇ ਨੂੰ ਮੰਨਣ ਲਈ ਤਿਆਰ ਬਰ ਤਿਆਰ ਹੋਵੋ।"

ਅਖੀਰ ਉਹ ਸਮਾਂ ਆਣ ਹੀ ਪਹੁੰਚਿਆਂ ਕਿ 27 ਜੂਨ 1998 ਨੂੰ ਲੁਧਿਆਣੇ ਵਿਖੇ ਰੈਣਿ ਸਬਾਈ ਕੀਰਤਨ ਵਿਚ ਕੀਰਤਨ ਕਰਨ ਲਈ ਉਥੋਂ ਦੀਆਂ ਸੰਗਤਾਂ ਵੱਲੋਂ ਆਪ ਜੀ ਨੂੰ ਸੱਦਾ ਦਿੱਤਾ ਗਿਆ। ਭਾਵੇਂ ਆਪ ਜੀ ਦਾ ਮਨ ਸਰੀਰਕ ਥਕਾਵਟ ਕਰਕੇ ਆਉਣ ਨੂੰ ਨਹੀਂ ਸੀ ਕਰਦਾ ਪਰ ਸੰਗਤਾਂ ਦੇ ਪਿਆਰ ਦੇ ਬੱਧੇ ਅਤੇ ਹੁਕਮ ਨੂੰ ਸਿਰ ਮੱਥੇ ਮੰਨਦੇ ਹੋਏ ਆਪ ਜੀ ਨੇ ਲੁਧਿਆਣੇ ਨੂੰ ਚਾਲੇ ਪਾ ਦਿੱਤੇ। ਆਪ ਜੀ ਦੇ ਲੁਧਿਆਣੇ ਸਮਾਗਮ ਵਿਚ ਪੁੱਜਣ ਤੇ ਆਪ ਨੂੰ ਦੇਖਦਿਆਂ ਸਾਰ ਸੰਗਤਾਂ ਦੇ ਮਨ ਖਿੜ ਉੱਠੇ ਤੇ ਆਪ ਜੀ ਲਗਭਗ ਸਵਾ ਘੰਟਾ ਸੰਗਤਾਂ ਨੂੰ ਗੁਰਬਾਣੀ ਦੇ ਸ਼ਬਦ "ਮਨ ਮੇਰੇ ਸਾਚੇ ਨਾਮ ਵਿਟਹੁ ਬਲਿਜਾਉ॥" ਦੇ ਅਗੰਮੀ ਕੀਰਤਨ ਦੁਆਰਾ ਨਿਹਾਲ ਕਰਦੇ ਅਤੇ ਸੁਆਸ ਸੁਆਸ ਨਾਮ ਸਿਮਰਨ ਦਾ ਖੰਡਾ ਖੜਕਾਉਂਦੇ ਰਹੇ। ਉਸ ਤੋਂ ਬਾਅਦ ਵੀ ਆਪ ਕੁਝ ਸਮਾਂ ਜੋੜੀ ਵਜਾਉਂਦੇ ਹੋਏ ਸੰਗਤਾਂ ਨਾਲ ਕੀਰਤਨ ਦਾ ਆਨੰਦ ਮਾਣਦੇ ਰਹੇ। ਅਖੀਰ ਹੋਣੀ ਦੇ ਹੁਕਮ ਅਨੁਸਾਰ ਆਪ ਜੀ ਨੇ ਅੰਮ੍ਰਿਤ ਵੇਲੇ ਤਿੰਨ ਵਜੇ ਲੁਧਿਆਣੇ ਤੋਂ ਸੰਗਤਾਂ ਦੀਆਂ ਅਸੀਸਾਂ ਮਾਣਦਿਆਂ, ਸਿੰਘਾਂ ਨਾਲ ਗਲਵਕੱੜੀ ਪਾਈ ਸੁਆਸ ਗਿਰਾਸ ਸਿਮਰਨ ਕਰਦੇ ਹੋਏ ਆਪਣੇ ਬੱਚਿਆਂ ਅਤੇ ਸਿੰਘਣੀ ਸਮੇਤ ਵਿਦਾ ਲਈ। ਹੋਣੀ ਦੇ ਅਟੱਲ ਨਿਯਮ ਅਨੁਸਾਰ ਫਿਲੌਰ ਤੋਂ 5 ਕਿਲੋਮੀਟਰ ਗੁਰਾਇਆ ਵੱਲ ਨੂੰ ਰਸਤੇ ਵਿਚ ਹੀ ਆਪ ਦੀ ਜੀਪ ਹਾਦਸੇ ਦਾ ਸ਼ਿਕਾਰ ਹੋ ਗਈ ਤੇ ਆਪਦੇ ਮਾਤਾ ਜੀ ਨੂੰ ਪਹਿਲੇ ਆਏ ਹੋਏ ਸੁਪਨੇ ਅਨੁਸਾਰ ਹੀ ਆਪ ਜੀ ਦੇ ਸਿਰ ਵਿਚ ਸੱਟ ਲੱਗਣ ਕਾਰਨ ਆਪ ਗੁਰੂ ਪਾਤਸ਼ਾਹ ਦੇ ਚਰਨਾ ਵਿਚ ਅਭੇਦ ਹੋ ਗਏ। ਆਖਰੀ ਸਮੇਂ ਵੀ ਆਪ ਜੀ ਦਾ ਮਨ ਅਤੇ ਮੁੱਖ ਗੁਰਮੰਤਰ ਵਾਹਿਗੁਰੂ ਦੀ ਧੁਨੀ ਉਚਾਰ ਰਿਹਾ ਸੀ। ਜੋ ਉਨ੍ਹਾਂ ਕੋਲ ਖੜੇ ਚੌਕੀਦਾਰ ਨੇ ਸੁਣੀ ਸੀ ਅਤੇ ਆਪ ਜੀ ਦੀ ਦੇਹ ਲੈਣ ਗਏ ਸਿੰਘਾਂ ਨੂੰ ਦੱਸੀ।

ਡਾਕਟਰ ਪ੍ਰੀਤਮ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਨਿਰਬਾਣ ਕੀਰਤਨੀਏ ਸਨ ਉਥੇ ਆਪ ਜੀ ਇਕ ਰਸੀਲੇ ਅਖੰਡ ਪਾਠੀ ਵੀ ਸਨ। ਜਿਸ ਸਮੇਂ ਆਪ ਪਾਠ ਦੀ ਸੇਵਾ ਕਰ ਰਹੇ ਹੁੰਦੇ ਤਾਂ ਆਪ ਜੀ ਵੱਲੋਂ ਪੜ੍ਹੀ ਗਈ ਗੁਰਬਾਣੀ ਦੇ ਤੀਰ ਸਰੋਤੇ ਹਿਰਦਿਆਂ ਨੂੰ ਅੰਦਰ ਤੱਕ ਵਿੰਨ ਵਿੰਨ ਜਾਂਦੇ। ਸਮੁੱਚੇ ਰੂਪ ਵਿਚ ਆਪ ਗੁਣਾਂ ਦੀ ਗੁਥਲੀ ਸਨ। ਜਿਸ ਜਿਸ ਨੇ ਵੀ ਆਪ ਜੀ ਦੀ ਸੰਗਤ ਦਾ ਅਨੰਦ ਮਾਣਿਆ ਹੈ ਤਿਨ੍ਹਾਂ ਤਿਨ੍ਹਾਂ ਦੇ ਹਿਰਦਿਆਂ ਵਿਚ ਉਨ੍ਹਾਂ ਦੀ ਯਾਦ ਸਦਾ ਸਮਾਈ ਰਹੇਗੀ। ■■■■■■

(ਪੰਨਾ ੫ ਦਾ ਬਾਕੀ ...)

ਪੰਜਾਂ ਪਿਆਰਿਆਂ ਦੁਆਰਾ ਨਾਮ-ਗੁਰਮੰਤ੍ਰ ਲਇਆ ਗਇਆ। ਬਹੁਤ ਚਿਰ ਤਾਂ ਭੈਣੀ ਵਿਖੇ ਭੀ ਪੰਜਾਂ ਪਿਆਰਿਆਂ ਦੁਆਰਾ ਹੀ ਖੰਡੇ ਦਾ ਅੰਮ੍ਰਿਤ ਤਿਆਰ ਹੁੰਦਾ ਰਿਹਾ, ਜਿਨ੍ਹਾਂ ਵਿਚ ਕਿ ਬਾਬਾ ਰਾਮ ਸਿੰਘ ਜੀ ਭੀ ਸ਼ਾਮਲ ਹੁੰਦੇ ਰਹੇ ਅਤੇ ਪੰਜਾਂ ਦੇ ਪੁੰਜ ਤੇ ਐਨ ਅੰਮ੍ਰਿਤ ਸਮੇਂ ਪੂਰਨ ਗੁਰ-ਮਰਯਾਦਾ ਅਨੁਸਾਰ ਹੀ ਗੁਰਮੰਤ੍ਰ ਦੇਣ ਲੈਣ ਦੀ ਗੁਰਮਤਿ ਰੀਤ ਸੁਰੀਤ ਚਲਦੀ ਰਹੀ। ਪਿਛੋਂ ਆ ਕੇ ਗੱਲ ਬਿਗੜਦੀ ਬਿਗੜਦੀ ਬਿਗੜ ਗਈ ਅਤੇ ਐਥੋਂ ਤਾਈਂ ਨੌਬਤ ਆਣ ਪੁਜੀ ਕਿ ਇਕ ਇਕ ਨਾਮਧਾਰੀ ਸਿਖ ਅੱਡੋ ਅੱਡੀ ਕਈ ਅਨਅਧਿਕਾਰੀ ਆਦਮੀਆਂ ਦੇ ਕੰਨਾਂ ਵਿਚ ਫੂਕਾਂ ਮਾਰਦਾ ਦੇਖਿਆ ਗਿਆ, ਅਤੇ ਦੇਖਿਆ ਜਾਂਦਾ ਹੈ। ਜਿਸ ਵਤੀਰੇ ਨੇ ਗੁਰਮੰਤ੍ਰ ਲੈਣ ਦੇਣ ਦੀ ਖੇਡ ਨੂੰ ਹਾਸੋ=ਹੀਣਾ ਬਣਾ ਛਡਿਆ ਹੈ।

ਐਸਾ ਬਿਗਾੜ ਹੀ ਨਿਰਮਲੇ ਆਦਿਕ ਹੋਰ ਸੰਪਰਦਾਵਾਂ ਵਿਖੇ ਨਾਮ ਗੁਰਮੰਤ੍ਰਨੀ ਰੀਤ ਵਿਖੇ ਪੈ ਗਿਆ। ਬਹੁਤਾ ਵਿਸਥਾਰ ਵਿਚ ਪੈਣ ਦੀ ਲੋੜ ਨਹੀਂ। ਗੁਰਵਾਕਾਂ ਦੀ ਕਸੌਟੀ ਦੁਆਰਾ ਕੀਤੀ ਪਰਖ ਤਾਂ ਇਸੇ ਸੱਚਾਈ ਤੇ ਪੁਚਾਉਂਦੀ ਹੈ ਕਿ ਸਿਖ ਦੇ ਗੁਰਮੰਤ੍ਰ ਦਿਤਿਆਂ ਪੂਰਨ ਗੁਰੱਤ-ਕਲਾ ਨਹੀਂ ਵਰਤਦੀ; ਕੇਵਲ ਪੰਜਾਂ ਦੁਆਰਾ ਹੀ ਵਰਤਦੀ ਹੈ ਅਤੇ ਪੂਰਨ ਗੁਰੂ-ਕਲਾ ਵਰਤੇ ਬਿਹੂਣ ਨਾਮ-ਗੁਰਮੰਤ੍ਰ ਸਰਬ-ਕਲਾ ਸੰਪੂਰਨ ਸਹਾਈ ਅਤੇ ਫਲਪ੍ਰਦਾਈ ਨਹੀਂ ਹੁੰਦਾ ਅਤੇ ਇਹ ਕਲਾ ਪੂਰਨ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦੇ ਪਰਤਾਪ ਕਰ ਹੀ ਵਰਤਦੀ ਹੈ। ਅਨੇਕਾਂ ਹੀ ਗੁਰਵਾਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ।

('ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ)


www.AKJ.Org

# ਸੰਤ ਅਤੇ ਸੰਤਵਾਦ

(ਮਹਿੰਦਰ ਸਿੰਘ 'ਚਚਰਾੜੀ')

ਅੱਜ ਸਿੱਖ ਸਮਾਜ ਵਿਚ 'ਸੰਤ' ਲਫਜ਼ ਦੀ ਵਰਤੋਂ ਕਾਫੀ ਹੋ ਰਹੀ ਹੈ। ਖਾਸ ਲਿਬਾਸ, ਵਿਹਾਰ, ਪ੍ਰਗਟਾਵੇ ਆਦਿ ਵਾਲੇ ਵਿਅਕਤੀਆਂ ਵਲੋਂ ਇਕ ਵੱਖਰੀ ਉੱਚਤਾ ਅਤੇ ਅੱਡਰਤਾ ਸਥਾਪਤ ਕਰਕੇ 'ਗੁਰਮਤਿ' ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। 'ਸੰਤ' ਵਿਸ਼ੇਸ਼ਣ ਦੇ ਧਾਰਨੀ ਵਿਅਕਤੀਆਂ ਵਲੋਂ ਵੱਖਰੇ ਡੇਰਿਆਂ, ਸਥਾਨਾਂ ਅਤੇ ਮਰਿਆਦਾ ਨੂੰ ਪ੍ਰਚਾਰਨ ਦਾ ਸਿਲਸਲਾ ਵੀ ਨਾਲੋ-ਨਾਲ ਚੱਲ ਰਿਹਾ ਹੈ। 'ਸੰਤ' ਵਿਸ਼ੇਸ਼ਣ ਲਾ ਕੇ ਸਿੱਖ ਸਮਾਜ ਵਿਚ ਵਿਚਰਦੇ ਵਿਅਕਤੀਆਂ ਨੇ 'ਸੰਤ-ਸਮਾਜ' ਨਾਂ ਦੀਆਂ ਵੱਖਰੀਆਂ-ਵੱਖਰੀਆਂ ਜਥੇਬੰਦੀਆਂ ਵੀ ਬਣਾਈਆਂ ਹੋਈਆਂ ਹਨ। ਇਕ ਅੰਦਾਜ਼ੇ ਮੁਤਾਬਕ ਸਿੱਖ ਸਮਾਜ ਵਿਚ 'ਸੰਤ' ਵਿਸ਼ੇਸ਼ਣ ਵਰਤਦੇ ਵਿਅਕਤੀਆਂ ਦੀ ਗਿਣਤੀ ਹਜ਼ਾਰਾਂ 'ਚ ਮਾਪੀ ਗਈ ਹੈ, ਜਿਸ ਵਿਚ ਸਹਿਜੇ- ਸਹਿਜੇ ਵਾਧਾ ਵੀ ਦਰਜ ਹੋ ਰਿਹਾ ਹੈ।

ਦੇਖਿਆ ਜਾਵੇ ਤਾਂ ਸਿੱਖ ਸਮਾਜ ਵਿਚ 'ਸੰਤ' ਵਿਸ਼ੇਸ਼ਣ ਵਰਤਣ ਦੀ ਰੁਚੀ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਤੋਂ ਬਾਅਦ ਹੀ ਵਧੇਰੇ ਪ੍ਰਚੱਲਤ ਹੋਈ ਹੈ। ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਤੋਂ ਪਹਿਲਾਂ ਗੁਰਸਿੱਖਾਂ ਵਲੋਂ 'ਭਾਈ', ਭਾਈ ਸਾਹਿਬ ਆਦਿ ਵਿਸ਼ੇਸ਼ਣ ਹੀ ਵਰਤੋਂ ਵਿਚ ਲਿਆਂਦੇ ਜਾਂਦੇ ਸਨ। ਇਸਦਾ ਇਹ ਮਤਲਬ ਕਤਈ ਨਹੀਂ ਕਿ ਉਨ੍ਹਾਂ ਤੋਂ ਪਹਿਲਾਂ ਗੁਰਸਿੱਖ 'ਸੰਤ' ਵਿਸ਼ੇਸ਼ਣ ਲਾਉਣ ਦੇ ਯੋਗ ਨਹੀਂ ਸਨ। ਹੋ ਸਕਦੇ ਉਹ ਵਧੇਰੇ ਆਤਮਿਕ ਉੱਚਤਾ ਅਤੇ ਪਰਪੱਕ ਮਰਿਆਦਾ ਦੇ ਧਾਰਨੀ ਹੋਣ। ਦਰਅਸਲ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੂੰ 'ਸੰਤ' ਪਦਵੀ ਅਤੇ ਵਿਸ਼ੇਸ਼ਣ ਅਕਾਲ ਤਖ਼ਤ ਸਾਹਿਬ ਵਲੋਂ ਬਖਸ਼ਿਸ਼ ਹੋਏ ਹੋਣ ਕਰਕੇ ਸਿੰਘ ਸਮਾਜ ਵਿਚ ਪ੍ਰਵਾਨ, ਸਤਿਕਾਰੇ ਅਤੇ ਲਾਗੂ ਕੀਤੇ ਗਏ ਹਨ।

ਸਿੱਖ ਫਿਲਾਸਫੀ/ਵਿਚਾਰਧਾਰਾ 'ਸ਼ਬਦ-ਗੁਰੂ' ਤੇ ਅਧਾਰਤ ਹੈ। 'ਸ਼ਬਦ-ਗੁਰੂ' ਦੀ ਪ੍ਰਮੁਖਤਾ ਦਾ ਮਾਪ 'ਗੁਰੂ ਗ੍ਰੰਥ ਸਾਹਿਬ' ਦੀ ਗੁਰਗੱਦੀ ਬਿਰਾਜਮਾਨਤਾ ਤੋਂ ਸਹਿਜੇਂ ਹੀ ਮਾਪਿਆ ਜਾ ਸਕਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਸਰੀਰਕ ਜਾਮਿਆ ਵਿਚ 'ਸ਼ਬਦ' (ਗੁਰਬਾਣੀ) ਨੂੰ ਸਾਂਭ ਕੇ ਅਖੀਰ ਗੁਰਗੱਦੀ ਬਖਸ਼ ਇਸ ਸਰੀਰਕ ਲੜੀ ਦੀ ਸਮਾਪਤੀ ਕੀਤੀ। ਗੁਰੂ ਸਾਹਿਬਾਨ ਦੇ ਦੁਨਿਆਵੀ ਸਫਰ ਵਿਚ ਕਿਸੇ ਵੀ ਮੁਕਾਮ ਤੇ 'ਸ਼ਬਦ' (ਗੁਰਬਾਣੀ) ਨੂੰ ਨਿੱਜ ਨਾਲੋਂ ਛੁਟਿਆਇਆ ਨਹੀਂ ਗਿਆ। ਸਿੱਖ ਫਿਲਾਸਫੀ ਦੀ ਇਸ ਵਿਲੱਖਣਤਾ ਨੇ ਮਨੁੱਖੀ ਸਮਾਜ ਵਿਚ ਵੱਖਰੀ ਹੀ ਕਿਸਮ ਦੀ ਨਿਆਰਤਾ ਲਿਆਂਦੀ। 'ਖਾਲਸਾ ਪੰਥ' ਦੇ ਰੂਪ 'ਚ ਪ੍ਰਗਟ ਹੋਈ ਨਿਵੇਕਲੀ ਦਿੱਖ ਵਾਲੀ ਸੁਚੱਜੀ, ਸਰਲ, ਸਪੱਸ਼ਟ ਅਤੇ ਸੰਵੇਦਨਸ਼ੀਲ ਜੀਵਨ ਜਾਚ ਨੇ 'ਮਨੁੱਖੀ ਇਤਿਹਾਸ' ਵਿਚ ਨਵਾਂ ਮੀਲ ਪੱਥਰ ਗੱਡ ਦਿਤਾ। 'ਸ਼ਬਦ' ਦੀ ਅਰਾਧਨਾ ਦਾ ਹੋਕਾ ਦਿੰਦੀ ਫਿਲਾਸਫੀ ਦਾ ਤੱਤ ਸਾਰ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਤਿੰਨ ਨੁਕਾਤੀ ਪ੍ਰੋਗਰਾਮ ਤੇ ਹੀ ਭੁਗਤਦਾ ਹੈ।

ਸਿੱਖ ਵਿਚਾਰਧਾਰਾ ਦੇ ਸਥਾਪਤ ਹੋਣ ਤੋਂ ਪਹਿਲਾਂ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਵਾਲਾ ਅਸੂਲ ਮਨੁੱਖੀ ਫਿਤਰਤ ਵਿਚ ਸਮਤਲ ਲਾਗੂ ਨਹੀਂ ਸੀ। ਸਿੱਖ ਫਿਲਾਸਫੀ ਤੋਂ ਪਹਿਲਾਂ ਧਰਮ ਅਤੇ ਸਮਾਜ ਵਿਚ ਚੱਲ ਰਹੇ ਉਲਾਰੂ ਰੁਝਾਨ ਨੇ ਇਸ ਸਰਬੱਤਵਾਦੀ ਅਸੂਲ ਦਾ ਖਾਕਾ ਘੜਨ ਦੀ ਸੋਚ ਹੀ ਨਹੀਂ ਪਨਪਣ ਦਿਤੀ। ਕਿਰਤੀ ਵਿਅਕਤੀ ਧਰਮ ਪ੍ਰਤੀ ਬੇਰੁਖੀ ਰੱਖਦੇ ਸਨ ਅਤੇ ਧਰਮੀ ਵਿਅਕਤੀ ਵਿਹਲੜ ਰੁਚੀਆਂ ਦੇ ਧਾਰਨੀ ਸਨ। ਅਜਿਹੇ ਵਰਤਾਰੇ 'ਚ ਵੰਡ ਕੇ ਛਕਣ' ਦਾ ਸਿਧਾਂਤ ਕਿਵੇਂ ਸਥਾਪਤ ਹੋ ਸਕਦਾ ਸੀ ? ਸਿੱਖ ਗੁਰੂ ਸਾਹਿਬਾਨ ਦੇ ਅਮੁੱਲੇ ਅਮਲਾਂ, ਯਤਨਾਂ ਅਤੇ ਸਥਾਪਤੀਆਂ ਸਦਕਾ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੀ ਭਾਵਨਾ ਦਾ ਸੰਚਾਰ ਸੱਚੇ-ਸੁੱਚੇ ਅਰਥਾਂ 'ਚ ਹੋਇਆ। ਇਸ ਨਾਲ ਜਿਥੇ ਉਲਾਰੂ ਰੁਝਾਨ ਦਾ ਕਾਫੀ ਹੱਦ ਤਕ ਖਾਤਮਾ ਹੋਇਆ, ਉਥੇ ਨਰੋਈਆਂ ਕਦਰਾਂ-ਕੀਮਤਾਂ ਵੀ ਘੜੀਆਂ ਗਈਆਂ।

ਸਿੱਖ ਫਿਲਾਸਫੀ ਦੇ ਇਸ ਅਦੁੱਤੀ ਸਿਧਾਂਤ ਦੀ ਰੂਪਮਾਨਤਾ ਤੋਂ ਪਹਿਲਾਂ ਬਹੁਗਿਣਤੀ 'ਹਿੰਦੂ ਪਰੰਪਰਾ' ਦੇ ਪ੍ਰਭਾਵ ਸਦਕਾ 'ਸਰੀਰਕ ਵਡਿਆਈ', ਖੁਦਗਰਜ਼ੀ, ਬੇਲੋੜੇ ਕਰਮ-ਕਾਂਡਾਂ ਆਦਿ ਦਾ ਸਹਾਰਾ ਲੈ ਕੇ 'ਧਰਮ' ਦਾ ਫੋਕਾ ਕੱਦ-ਕਾਠ ਵਧਾਉਣ ਦੇ ਬੇਤੁਕੇ ਅਮਲ ਚੱਲਦੇ ਸਨ। 'ਸਰੀਰਕ ਵਡਿਆਈ' ਅਮਰਵੇਲ ਵਾਂਗੂੰ ਵਧਣ ਸਦਕਾ ਰਿਸ਼ੀ ਪਰੰਪਰਾ ਦਾ ਬੋਲਬਾਲਾ ਟੀਸੀ ਤੇ ਪਹੁੰਚਿਆ ਹੋਇਆ ਸੀ। ਦੁਨਿਆਵੀ ਕੰਮਾਂ-ਕਾਰਾਂ ਨੂੰ ਛੱਡ ਜੰਗਲਾਂ-ਪਹਾੜਾਂ ਤੇ ਜਾ ਕੇ ਤਪੱਸਿਆ ਕਰਨ ਦੇ ਰੁਝਾਨ ਸਦਕਾ ਮਿਲੀ ਵਡਿਆਈ ਤੋਂ 'ਰਿਸ਼ੀਵਾਦ' ਦਾ ਬੋਲਬਾਲਾ

ਹੋਇਆ। ਰਿਸ਼ੀ ਪਰੰਪਰਾ ਨਾਲ ਘੱਟ ਆਤਮਿਕ ਉੱਚਤਾ ਅਤੇ ਇਸ ਤੋਂ ਹੀਣੇ ਕੇਵਲ ਧਰਮ ਦੀਆਂ ਸੰਵੇਦਨਸ਼ੀਲ ਪਰਤਾਂ ਜਾਨਣ ਵਾਲੇ ਵਿਅਕਤੀਆਂ (ਬ੍ਰਾਹਮਣਾਂ) ਨੇ ਖੁਦਗਰਜ਼ੀ ਅਤੇ ਬੇਲੋੜੇ ਕਰਮਕਾਂਡਾਂ ਨੂੰ ਹਵਾ ਦਿਤੀ। ਚਿਰਾਂ ਤੋਂ ਪੱਕੀ ਲੀਹ ਪੈਣ ਕਰਕੇ, 'ਧਰਮ' ਦੇ ਅਮਲੀ ਅਰਥ, ਭਰਮਾਊ ਕਰਤੂਤਾਂ 'ਚ ਗੁਆਚ ਕੇ ਰਹਿ ਗਏ। 'ਧਰਮ, ਕੁਝ ਨਿਸ਼ਚਤ ਅਸੂਲ ਅਤੇ ਨਰੋਈ ਜੀਵਨ ਜਾਚ ਨਾ ਰਹਿਕੇ ਜੀਵਨ ਨਿਰਬਾਹ ਲਈ ਚੰਗੀ ਖੱਟੀ ਦਾ ਸਾਧਨ ਬਣ ਚੁੱਕਾ ਸੀ, ਜੋ ਕਿ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਬਣਾ ਦਿਤਾ ਗਿਆ ਸੀ।

ਸਿੱਖ ਵਿਚਾਰਧਾਰਾ ਨੇ 'ਧਰਮ' ਨੂੰ ਭਰਮਾਊ ਗਲਬੇ ਤੋਂ ਮੁਕਤ ਨਿੱਖਰਿਆ ਸਰੂਪ ਬਖਸ਼ਕੇ ਸੌਖੇ ਅਤੇ ਸਪੱਸ਼ਟ ਲਫਜ਼ਾਂ 'ਚ ਬਿਆਨ ਕੀਤਾ। 'ਧਰਮ' ਦੀ ਮਾਨਸਿਕਤਾ ਵਿਚ ਭਰ ਦਿਤੇ ਗਏ ਵਿਕਾਰੀ ਨੁਸਖਿਆ ਦੀ ਥਾਂ 'ਇਕ, ਅਕਾਲਪੁਰਖ' ਦੀ ਟੇਕ ਲੈ ਕੇ ਕਿਰਤੀ ਜੀਵਨ ਜੀਣ ਦੀ ਸੁਚੱਜੀ ਜੀਵਨ ਜਾਚ ਦੱਸੀ। ਪਰ ਸਦੀਆਂ ਤੋਂ ਬਾਹਮਣਵਾਦੀ ਮਾਨਸਿਕਤਾ ਦੀ ਜੰਮੀ ਹੋਈ ਮੈਲ ਪੂਰੀ ਤਰ੍ਹਾਂ ਨਾ ਲਾਹੀ ਜਾ ਸਕਣ ਕਰਕੇ, 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਸੰਪੂਰਣ ਤਿੰਨ ਨੁਕਾਤੀ ਸਿਧਾਂਤ ਢਾਹੂ ਦੌਰ 'ਚੋਂ ਲੰਘ ਰਿਹਾ ਹੈ। 'ਧਰਮ' ਅਤੇ 'ਕਿਰਤ' ਦਾ ਪਾੜਾ ਦਿਨੋਂ ਦਿਨ ਬੇਲੋੜੇ ਤੌਰ ਤੇ ਵੱਧ ਰਿਹਾ ਹੈ। ਬੇਸ਼ੱਕ 'ਧਰਮ' ਦੀ ਭਰਮਾਊ, ਕਰਮਕਾਂਡੀ ਅਤੇ ਵਿਗੜੀ ਸ਼ਕਲ, ਸਿੱਖ ਫਿਲਾਸਫੀ ਸਦਕਾ ਇਸ ਦੇ ਸਥਾਪਤ ਹੋਣ ਤੋਂ ਪਹਿਲਾਂ ਦੀ ਹਾਲਤ ਦੇ ਸਨਮੁਖ ਚੰਗੀ ਹੋਵੇ, ਪਰ ਸਿੱਖ ਸਮਾਜ ਵਿਚ ਇਸ ਰੁਝਾਨ ਦਾ ਮੂੰਹ ਬ੍ਰਾਹਮਣਵਾਦੀ ਸਮੁੰਦਰ ਵੱਲ ਨੂੰ ਹੋਣ ਕਰਕੇ ਚਿੰਤਾ ਦਾ ਵਿਸ਼ਾ ਜ਼ਰੂਰ ਹੈ।

ਅਜੋਕੇ ਸਮੇਂ ਕੇਵਲ 'ਨਾਮ ਜਪਣ' ਦੀ ਸੁੱਚੀ ਆੜ 'ਚ ਘਾਲ ਕਮਾਈ ਕਰਕੇ ਖਾਣ-ਪੱਖੋਂ ਖੁਲ੍ਹ ਲੈਣ ਵਾਲੇ ਵਿਅਕਤੀ ਖੁਦਸਾਖਤਾ 'ਸੰਤ' ਵਿਸ਼ੇਸ਼ਣ ਦੇ ਹੱਕਦਾਰ ਬਣ ਬੈਠੇ ਹਨ। ਆਤਮਿਕ-ਦਾਰਸ਼ਨਿਕ ਉੱਚਤਾ ਨਾਲੋਂ 'ਧਰਮ' ਦੀਆਂ ਸੰਵੇਦਨਸ਼ੀਲ ਪਰਤਾਂ ਦਾ ਲੋਕਾਈ ਨੂੰ ਭਰਮਾਉਣ ਜੋਗਾ ਗਿਆਨ ਹਾਸਲ ਕਰ ਲਿਬਾਸੀ ਉੱਚਤਾ ਨਾਲ 'ਸੰਤ' ਵਿਸ਼ੇਸ਼ਣ ਪ੍ਰਚੱਲਤ ਕਰਨ ਦਾ ਮੰਦਭਾਗਾ ਰੁਝਾਨ ਚੱਲ ਰਿਹਾ ਹੈ ਜਦਕਿ ਗੁਰਮਤਿ ਅਨੁਸਾਰ ਮੁਸ਼ੱਕਤ-ਘਾਲ ਕਰਕੇ ਮੁਖ ਉੱਜਲੇ ਕਰਨ ਵਾਲੇ ਹੀ 'ਸੰਤ' ਵਿਸ਼ੇਸ਼ਣ ਦੇ ਹੱਕਦਾਰ ਹੋਣ ਦਾ ਦਾਅਵਾ ਕਰ ਸਕਦੇ ਹਨ। 'ਸੰਤ' ਵਿਸ਼ੇਸ਼ਣ ਦੇ ਅਸਲੀ ਹੱਕਦਾਰ 'ਨਾਮ ਜਪਣ' ਦੀ ਆੜ ਲੈ ਕੇ ਹੱਥੀਂ ਕਿਰਤ ਕਰਨ ਤੋਂ ਛੁਟਕਾਰਾ ਪਾਉਣ ਦੀ ਗੱਲ ਕਦੇ ਨਹੀਂ ਸੋਚ ਸਕਦੇ, ਉਹ ਤਾਂ 'ਹਾਥੁ ਪਾਵ ਕਰ ਕਾਮ ਸਭਿ ਚੀਤਿ ਨਿਰੰਜਨੁ ਨਾਲਿ' ਦੀ ਜੁਗਤੀ ਪੱਲੇ ਬੰਨ੍ਹ ਕੇ ਸੰਸਾਰ ਵਿਚ ਵਿਚਰਦੇ ਹਨ। ਉਨ੍ਹਾਂ ਦੀ ਇਹ ਨਿਰਮਲ ਰੀਤ ਮਨੁੱਖੀ ਸਰੀਰ ਦੀ ਸਾਰਥਕ ਵਰਤੋਂ ਦਾ ਨਮੂਨਾ ਪੇਸ਼ ਕਰਦੀ ਹੈ। ਡਾਕਟਰੀ ਵਿਗਿਆਨ ਨੇ ਵੀ ਇਹ ਸਾਬਤ ਕਰ ਦਿਤਾ ਹੈ ਕਿ ਕਿਰਤੀ ਮਨੁੱਖ 'ਚ ਵਿਹਲੜ ਨਾਲੋਂ ਇਕਾਗਰਤਾ ਰੁਚੀ ਵਧੇਰੇ ਹੁੰਦੀ ਹੈ।

ਗੁਰਮਤਿ ਅਤੇ ਹੋਰਨਾ ਮੱਤਾਂ-ਮਤਾਂਤਰਾਂ 'ਚ ਵਰਤੋਂ 'ਚ ਆਇਆ ਲਫਜ਼ 'ਸੰਤ' ਦੋ ਅੱਖਰਾਂ ਦੀ ਟੁੱਟ-ਭੱਜ ਅਤੇ ਜੋੜ ਦਾ ਸਿੱਟਾ ਹੈ। ਸੰਸਕ੍ਰਿਤ ਬੋਲੀ ਦਾ 'ਸਨਤ' ਸਮਾਂ ਪਾ ਕੇ ਪੰਜਾਬੀ-ਗੁਰਮੁਖੀ ਲਿਪੀ ਵਿਚ 'ਸੰਤ' ਬਣ ਗਿਆ, ਜਿਸਦੇ ਅਰਥ 'ਸ+ਅੰਤ' ਦੀ ਟੁੱਟ-ਭੱਜ ਤੋਂ ਅਰਥਾਏ ਗਏ। ਸੰਪਰਦਾਈ ਟੀਕਾਕਾਰਾ ਨੇ ਵੀ 'ਸੰਤ' ਨੂੰ ਉੱਚ ਆਧਿਆਤਮਕ ਗਿਆਨ ਦਾ ਪ੍ਰਤੀਕ ਮੰਨਿਆ ਹੈ। 'ਸੰਤ' ਨੂੰ ਆਗੂ, ਰਾਹਦਿਖਾਵਾ ਅਤੇ ਗੁਰੂ ਦੇ ਅਰਥਾਂ 'ਚ ਵੀ ਅਰਥਾਇਆ ਗਿਆ ਹੈ। ਗੁਰਬਾਣੀ ਵਿਚ ਆਇਆ 'ਸੰਤ' ਵਿਸ਼ੇਸ਼ਣ ਵੀ ਕੁਝ ਇਸੇ ਤਰ੍ਹਾਂ ਦਾ ਹੀ ਹੈ। ਗੁਰੂ ਅਰਜਨ ਦੇਵ ਜੀ ਨੂੰ 'ਗੁਰੂ ਗ੍ਰੰਥ ਸਾਹਿਬ' ਦੀ ਪਵਿੱਤਰ ਬੀੜ ਦਾ ਸੰਪਾਦਕ ਹੋਣ ਦੇ ਨਾਤੇ ਭੱਟਾਂ ਵਲੋਂ 'ਸੰਤ' ਵਿਸ਼ੇਸ਼ਣ ਨਾਲ ਸੰਬੋਧਨ ਕੀਤਾ ਮਿਲਦਾ ਹੈ। ਕੁਲ ਮਿਲਾ ਕੇ 'ਸੰਤ' ਵਿਸ਼ੇਸ਼ਣ ਸਿੱਖ ਫਿਲਾਸਫੀ ਦੀ ਬੌਧਿਕ ਜਾਣਕਾਰੀ ਰੱਖਣ ਅਤੇ ਅਮਲੀ ਪਾਲਣਾ ਕਰਨ ਵਾਲੇ ਵਿਅਕਤੀ ਲਈ ਹੀ ਵਰਤਿਆ ਜਾਂਦਾ ਰਿਹਾ ਕਿਹਾ ਜਾ ਸਕਦਾ ਹੈ।

ਅਜੋਕੇ ਸਮੇਂ 'ਸੰਤ' ਵਿਸ਼ੇਸ਼ਣ 'ਤੇ ਚਲ ਰਿਹਾ 'ਵਾਦ' ਸਿੱਖੀ ਦੀਆ ਉਚੀਆਂ-ਸੁੱਚੀਆ ਕਦਰਾਂ-ਕੀਮਤਾ ਲਈ ਬੇਹੱਦ ਖਤਰਨਾਕ ਹੈ। 'ਵਾਦ' ਕਿਸੇ ਵੀ ਸਥਾਪਤ ਮਾਨਤਾ ਲਈ ਖ਼ਤਰਨਾਕ ਹੁੰਦਾ ਹੈ। ਸਮਾਂ ਪਾ ਕੇ ਇਹ ਕਿਸੇ ਵੀ ਸਥਾਪਤ ਸਿਧਾਂਤ ਦੀਆਂ ਜੜ੍ਹਾਂ ਪੋਲੀਆ ਕਰਨ ਦੀ ਸਮਰੱਥਾ ਰੱਖਦਾ ਹੈ। 'ਵਾਦ' ਵਿਚ ਗੰਭੀਰ ਮਾਨਸਿਕ ਚਿੰਤਨ, ਗਿਆਨ ਅਤੇ ਸਪੱਸ਼ਟਤਾ ਦੀ ਥਾਂ ਭੇਡਚਾਲ ਦੀ ਸੋਚ ਭਾਰੂ ਹੁੰਦੀ ਹੈ, ਜੋ ਸਥਾਪਤ ਕਦਰਾਂ-



www.AKJ.Org

ਕੀਮਤਾਂ ਖਤਮ ਕਰਨ ਦੇ ਨਾਲ-ਨਾਲ ਬੋਧਿਕ ਗਿਆਨ ਹਾਸਲ ਕਰਨ ਦੇ ਰਾਹ ਵੀ ਬੰਦ ਕਰ ਦਿੰਦੀ ਹੈ। ਭਾਵੇਂ 'ਵਾਦ' ਦੇ ਪੈਰ ਮਜ਼ਬੂਤ ਨਹੀਂ ਹੁੰਦੇ ਪਰ ਲੰਮਾ ਸਮਾਂ ਚੱਲਣ ਨਾਲ ਮਾਨਸਿਕ ਅਵੇਸਲਤਾ ਦੀ ਲੀਹ ਪੱਕੀ ਹੋ ਜਾਂਦੀ ਹੈ। ਸਿੱਖ ਸਮਾਜ ਵਿਚ ਫੈਲਿਆ ਹੋਇਆ 'ਸੰਤਵਾਦ' ਵੀ ਦਾਰਸ਼ਨਿਕਤਾ ਦਾ ਮਾਨਸਿਕ ਅਤੇ ਅਮਲੀ ਪੱਖੋਂ ਦਾਬਾ ਕਰਕੇ ਸਿੱਖੀ ਦੀਆਂ ਜੜ੍ਹਾਂ ਪੋਲੀਆਂ ਕਰ ਰਿਹਾ ਹੈ।

ਸਿੱਖ ਫਿਲਾਸਫੀ ਵਰਗ-ਵੰਡ ਦਾ ਦੋ ਨੁਕਾਤੀ ਸਿਲਸਲਾ 'ਗੁਰਮੁਖ' ਅਤੇ 'ਮਨਮੁਖ' ਦੇ ਰੂਪ 'ਚ ਪ੍ਰਵਾਨ ਕਰਦੀ ਹੈ। ਹੋਰ ਕਿਸੇ ਕਿਸਮ ਦੀ ਵਰਗ ਵੰਡ ਗੁਰਮਤਿ ਵਿਚ ਪ੍ਰਵਾਨ ਨਹੀਂ ਹੈ। 'ਗੁਰਮੁਖ' ਅਤੇ 'ਮਨਮੁਖ' ਦਾ ਵਿਚਕਾਰਲਾ ਮੇਲ ਸਿੱਖ ਫਿਲਾਸਫੀ /ਵਿਚਾਰਧਾਰਾ ਵਿਚ ਪੂਰੀ ਤਰ੍ਹਾਂ ਨਕਾਰਿਆ ਗਿਆ ਹੈ। 'ਮਨਮੁਖ' ਤੋਂ 'ਗੁਰਮੁਖ' ਤਕ ਪਹੁੰਚਣ ਦੇ ਸਫਰ ਲਈ ਵਿਚੋਲਗਿਰੀ ਦਾ ਸਿਧਾਂਤ ਸਿੱਖ ਫਿਲਾਸਫੀ ਸਥਾਪਤ ਹੋਣ ਤੋਂ ਪਹਿਲਾ ਭਾਵੇਂ ਜ਼ਰੂਰੀ ਤੌਰ 'ਤੇ ਪ੍ਰਚਲਤ ਕਰ ਦਿਤਾ ਗਿਆ ਸੀ, ਪਰ 'ਸ਼ਬਦ-ਗੁਰੂ' ਦੀ ਆਤਮਿਕ ਸੋਝੀ ਨਾਲ 'ਗੁਰਮੁਖ' ਪਦ ਪ੍ਰਾਪਤ ਕਰਨ ਦੀ ਸੌਖੀ ਅਤੇ ਸਪੱਸ਼ਟ ਸੋਚ ਨੇ ਬੇਲੋੜੀ ਵਰਗਵੰਡ ਬੰਦ ਕਰ ਦਿਤੀ, ਸਿੱਖ ਫਿਲਾਸਫੀ ਮੁਤਾਬਕ 'ਗੁਰਬਾਣੀ' (ਸ਼ਬਦ ਗੁਰੂ) ਰਾਹੀਂ ਅਕਾਲਪੁਰਖ ਵਾਹਿਗੁਰੂ ਨਾਲ ਇਕਮਿਕਤਾ ਸਥਾਪਤ ਕੀਤੀ ਜਾ ਸਕਦੀ ਹੈ। ਵਿਅਕਤੀ ਮੂਲਕ ਵਿਚੋਲਗਿਰੀ ਕਰਕੇ ਸਮਾਜ ਵਿਚ ਫੈਲੇ ਹੋਏ 'ਧਰਮ ਵਿਰੋਧੀ' ਪ੍ਰਭਾਵਾ ਨੂੰ ਸ਼ਬਦ ਰਾਹੀਂ ਸੁਚੱਜੇ ਚਿਤਰਣ ਵੱਲ ਮੋੜ ਲਿਆਉਣ ਲਈ ਸਿੱਖ ਫਿਲਾਸਫੀ ਸੰਪੂਰਣ ਲੋਕਾਈ ਲਈ ਅਗਵਾਨੂੰ ਬੰਣ ਕੇ ਉੱਭਰੀ ਹੈ।

'ਗੁਰਮੁਖ' ਅਤੇ 'ਮਨਮੁਖ' ਤੋਂ ਇਲਾਵਾ ਤੀਜੀ ਵਰਗ ਵੰਡ, ਸਿੱਖ ਫਿਲਾਸਫੀ ਦੇ ਸ਼ਬਦ-ਮੂਲਕ ਸਿਧਾਂਤ ਨੂੰ ਖੋਰਾਲਾਊ ਖ਼ਤਰਾ ਖੜਾ ਕਰ ਰਹੀ ਹੈ। ਸਿੱਖ ਫਿਲਾਸਫੀ ਅਨੁਸਾਰ ਹਰ ਸਿੱਖ ਕਿਰਤ-ਵਿਰਤ ਕਰਦਿਆਂ ਨਾਮੀ ਬਣ ਅੱਗੋਂ ਹੋਰਨਾਂ ਨੂੰ ਵੀ ਸਿੱਖੀ ਘੇਰੇ 'ਚ ਲਿਆਉਣ ਦੇ ਪੂਰੀ ਤਰ੍ਹਾਂ ਯੋਗ ਹੈ। ਕਿਸੇ ਖਾਸ ਵਰਗਵੰਡ ਰਾਹੀਂ ਲਿਬਾਸੀ ਅਤੇ ਵਿਹਾਰਕ ਵਖਰੇਵਾਂ ਰੱਖਕੇ 'ਧਰਮ ਪ੍ਰਚਾਰ' ਕਰਨ ਦਾ ਰੁਝਾਨ 'ਰਿਸ਼ੀ ਪਰੰਪਰਾ' ਅਤੇ ਬ੍ਰਾਹਮਣਵਾਦ ਨਾਲ ਪਿੱਠ ਜੋੜਨ ਵਾਲੀ ਗੱਲ ਹੈ। ਰੱਦ ਕੀਤੇ ਗਏ ਰੁਝਾਨ ਨੂੰ ਸਿੱਖ ਸਮਾਜ ਵਿਚ ਮੁੜ ਸਥਾਪਤ ਕਰਨ ਦੇ ਕੁਯਤਨ ਮੰਦਭਾਗੇ ਹੀ ਕਹੇ ਜਾ ਸਕਦੇ ਹਨ।

'ਸੰਤਵਾਦ' ਦੇ ਪ੍ਰਭਾਵ ਸਦਕਾ ਇਕ ਵਿਸ਼ੇਸ਼ ਸ਼ਰਧਾਲੂ ਵਰਗ ਸਿੱਖ ਸਮਾਜ ਵਿਚ ਦੇਖਣ ਨੂੰ ਮਿਲਦਾ ਹੈ। ਇਹ ਸ਼ਰਧਾਲੂ ਵਰਗ ਅੱਗੋਂ ਹੋਰ ਛੋਟੀਆਂ ਇਕਾਈਆਂ 'ਚ ਵੰਡਿਆ ਹੋਇਆ ਹੈ। ਭਾਵ ਹਰ ਅਖੌਤੀ 'ਸੰਤ' ਦਾ ਆਪੋ-ਆਪਣਾ ਮਨੁੱਖੀ ਘੇਰਾ ਨਿਸ਼ਚਤ ਹੈ। ਦਰਅਸਲ ਇਹੀ ਮਨੁੱਖੀ ਘੇਰਾ ਅਖੌਤੀ 'ਸੰਤ' ਦੀ 'ਕਿਰਤ' ਬਣ ਚੁੱਕਾ ਹੈ। ਇਹਨਾਂ ਆਸਰੇ ਹੀ ਉਸਨੇ ਜੀਵਨ ਨਿਰਬਾਹ ਅਤੇ ਪਦਾਰਥਕ ਤਰੱਕੀ ਕਰਨੀ ਹੁੰਦੀ ਹੈ। ਇਸ ਲਈ ਪੰਜ ਪੁੰਨਿਆਂ, ਮੱਸਿਆ ਆਦਿ ਰਾਹੀਂ 'ਡੇਰੇ' ਆਉਣ ਲਈ ਭੋਲੇ-ਭਾਲੇ ਅਤੇ ਅਧਿਆਤਮਕਤਾ ਤੋਂ ਸੱਖਣੇ ਲੋਕਾਂ ਨੂੰ 'ਬੰਨ੍ਹ' ਲਿਆ ਜਾਂਦਾ ਹੈ। ਉਂਝ ਅਜੋਕੇ ਜ਼ਿਆਦਾਤਰ 'ਸੰਤ' ਵੀ ਰਿਸ਼ੀ ਪਰੰਪਰਾ ਦੀ ਆਤਮਿਕ ਉੱਚਤਾ ਤੋਂ ਸੱਖਣੇ ਕੇਵਲ ਭੇਖੀ 'ਬ੍ਰਾਹਮਣਾ' ਦੇ ਕਿਰਦਾਰ ਨੂੰ ਹੀ ਨਿਭਾ ਰਹੇ ਹਨ। ਕਈ ਤਾ 'ਬ੍ਰਾਹਮਣਾਂ' ਨਾਲੋਂ ਵੀ ਦੋ-ਚਾਰ ਕਦਮ ਅੱਗੇ ਲੰਘੇ ਹੋਏ ਹੋਣਗੇ। ਲਿਬਾਸੀ ਅਤੇ ਵਿਹਾਰਕ ਵਖਰੇਵਾਂ ਪਾਲ ਕੇ 'ਸੰਤ' ਬਨਣ ਵਾਲਿਆਂ ਪ੍ਰਤੀ ਪੰਥਕ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਗੁਰਮਤਿ ਮਾਰਤੰਡ' ਵਿਚ ਲਿਖਦੇ ਹਨ–"ਸਿੱਖ ਧਰਮ ਅਨੁਸਾਰ 'ਸੰਤ' ਕੋਈ ਖਾਸ ਜਮਾਤ ਨਹੀਂ।......ਇਸ ਸਮੇਂ ਵੇਖਣ ਵਿਚ ਆਉਂਦਾ ਹੈ ਕਿ ਲੰਮਾ ਕੁੜਤਾ ਜਾਂ ਚੋਲਾ ਸਿਰ 'ਤੇ ਗੋਲ ਪੱਗ, ਪਜ਼ਾਮੇ ਦਾ ਤਿਆਗ, ਇਹ ਸੰਤ ਦਾ ਖਾਸ ਭੇਖ ਹੋ ਗਿਆ ਹੈ, ਜੋ ਲੋਕਾਂ ਨੂੰ ਭੁਲੇਖੇ ਵਿਚ ਪਾਉਂਦਾ ਹੈ ਅਤੇ ਅਨਅਧਿਕਾਰੀਆਂ ਦੇ ਮਨੀ ਹੰਕਾਰ ਵਧਾਉਂਦਾ ਹੈ।"

ਸਿੱਖੀ ਸਿਧਾਂਤਾਂ ਮੁਤਾਬਕ 'ਗੁਰਮੁਖ' ਅਤੇ 'ਮਨਮੁਖ' ਤੋਂ ਇਲਾਵਾ ਹੋਰ ਵਰਗੀਕਰਣ ਕਰਨਾ, ਅਧਿਆਤਮਕ ਚਿੰਤਨ ਦੀ ਉੱਚਤਾ ਹਾਸਲ ਕਰਨ ਦਾ ਮਾਰਗ ਨਹੀਂ। 'ਗੁਰੂ ਗ੍ਰੰਥ ਸਾਹਿਬ' ਨੂੰ ਮੰਨਣ ਵਾਲੇ 'ਸਿੱਖ' ਹੀ ਹਨ। ਸਾਰਿਆਂ ਦਾ ਟੀਚਾ ਅਕਾਲਪੁਰਖ ਵਾਹਿਗੁਰੂ ਨਾਲ ਅਭੇਦਤਾ ਹਾਸਲ ਕਰਨਾ ਹੈ। ਇਹ ਟੀਚਾ ਸਰ ਕਰਨ ਲਈ ਸਿੱਖ ਨੇ 'ਸ਼ਬਦ' ਦੀ ਨਿਰੰਤਰ ਕਮਾਈ ਦੁਆਰਾ ਅਧਿਆਤਮਕ ਮੰਡਲ 'ਚ 'ਸੰਤ' ਵਿਸ਼ੇਸ਼ਣ ਵਾਲੀ ਗੁਣ-ਮੂਲਕ ਉੱਚਤਾ ਹਾਸਲ ਕਰਨੀ ਹੈ। 'ਸੰਤ' ਕੋਈ ਦੁਨਿਆਵੀ ਡਿਗਰੀ ਨਹੀਂ,ਬਲਕਿ ਅਧਿਆਤਮਕ ਪਹੁੰਚ ਹੈ ਸਿੱਖ ਨੇ 'ਸੰਤ' ਪਦਵੀ ਤਕ ਆਤਮਿਕ ਤਰੱਕੀ ਜ਼ਰੂਰ ਕਰਨੀ ਹੈ ਪਰ ਇਸਨੂੰ 'ਵਾਦ' ਬਣਾ ਕੇ ਸਿੱਖ ਸਮਾਜ ਤੋਂ ਵਿੱਥ ਨਹੀਂ ਰੱਖਣੀ। ———



www.AKJ.Org

# ਗੁਰਸਿੱਖਾਂ ਇਕੋ ਪਿਆਰ

(ਭਾਈ ਬਹਾਦਰ ਸਿੰਘ ਜੀ ਮਲੋਆ)

ਦਾਸ ਨੂੰ ਕੁਝ ਲਿਖਣਾ ਲੁਖਣਾ ਆਉਂਦਾ ਨਹੀਂ। ਇਸੇ ਕਰਕੇ ਦਾਸ ਨੇ ਕਦੇ ਵੀ ਸੂਰੇ ਵਿੱਚ ਜਾਂ ਕਿਸੇ ਹੋਰ ਧਾਰਮਕ ਪਰਚੇ ਵਿੱਚ ਕੋਈ ਲੇਖ ਨਹੀਂ ਲਿਖਿਆ। ਹੁਣ ਵੀ ਲਿਖਣਾ ਨਹੀਂ ਚਾਹੁੰਦਾ ਸੀਪਰ ਹਿਰਦੇ ਵਿਚ ਇਕ ਤੀਰ ਵਜ ਰਿਹਾ ਹੈ ਅਤੇ ਹਿਰਦਾ ਹੋ ਰਿਹਾ ਹੈ ਕਿ ਇਹ ਹੈ ਕਿ ਇਹ ਕੀ ਹੋ ਗਿਆ ਅਤੇ ਕਿਉਂ ਹੋ ਗਿਆ। ਇਸ ਲਈ ਲਿਖਣਾ ਬਾਝੋਹੁ ਰਹਿ ਨਹੀਂ ਸਕਿਆ।

ਦਾਸ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਲ 1954 ਤੋਂ ਹੀ ਵਿਚਰਦਾ ਰਿਹਾ। ਬੱਸ ਜੋ ਅਨੰਦ ਉਨ੍ਹਾਂ ਨਾਲ ਅੰਮ੍ਰਿਤ ਵੇਲੇ ਦੇ ਨਿਤ ਨੇਮ ਦੇ, ਦਿਨਸੁ ਸੁਹੇਲੇ ਕੀਰਤਨ ਦੇ, ਰੈਣ ਸਬਾਈ ਕੀਰਤਨ ਦੇ ਅਤੇ ਲੰਗਰ ਦੀ ਸੇਵਾ ਦੇ ਮਹਾ ਆਨੰਦ ਮਾਣੇ ਉਹ ਅਕੱਥ ਹਨ।

ਭਾਈ ਸਾਹਿਬ ਕੋਠੀ ਨੰ: 79 ਵਿੱਚ ਮਾਡਲ ਟਾਊਨ ਲੁਧਿਆਣੇ ਵਿਚ ਰਹਿੰਦੇ ਸਨ। ਉਨ੍ਹਾਂ ਦੇ ਨਾਲ ਭਾਈ ਬਾਵਾ ਸਿੰਘ ਜੀ, ਭਾਈ ਉਤਮ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਅਤੇ ਭਾਈ ਸਾਹਿਬ ਸਰਬਲੋਹੀ ਸਿੰਘ, ਈਸ਼ਰ ਸਿੰਘ ਜੀ ਅਤੇ ਭਾਈ ਸੰਤਾ ਸਿੰਘ ਜੀ ਅਤੇ ਭਾਈ ਚਾਨੀ ਜੀ ਦਾ ਮੈਨੂੰ ਪੂਰਾ ਨਾਂ ਤੇ ਉਸ ਵੇਲੇ ਵੀ ਪਤਾ ਨਹੀਂ ਸੀ ਅਤੇ ਨਾ ਹੀ ਹੁਣ ਮੈਨੂੰ ਪਤਾ ਹੈ। ਨਿਤਨੇਮ ਠੀਕ ਢਾਈ ਵਜੇ ਸ਼ੁਰੂ ਹੋ ਜਾਂਦਾ ਸੀ। ਭਾਈ ਸਾਹਿਬ ਨੇ ਆਖਣਾ ਕਿ ਜੋ ਗੁਰਬਾਣੀ ਸੁਣਾਉਣ ਵਾਲਾ ਆਵੇ ਉਨ੍ਹਾਂ ਦੇ ਸਰਹਾਣੇ ਬੈਠੇ। ਆਸਾਂ ਆਖਣਾ ਬਾਪੂ ਜੀ ਅਸੀਂ ਆਪ ਦੇ ਸਰਹਾਣੇ ਨਹੀਂ ਬੈਠ ਸਕਦੇ। ਅਸੀਂ ਤੇ ਪੈਂਦਾ ਹੀ ਬੈਠਣਾ ਹੈ। ਅੱਛਾ ਫਿਰ ਭਾਈ ਸਾਹਿਬ ਨੇ ਆਖਣਾ, ਲਿਆਓ ਇੱਕ ਮੋਟਾ ਖੇਸ ਜਾਂ ਕੰਬਲ। ਇਸ ਨੂੰ ਚੋਹਰਾ ਕਰੋ ਅਤੇ ਹੋਰ ਮੋੜੋ ਰਖੋ ਇਧਰ, ਸੁਣਾਓ ਨਿਤਨੇਮ, ਗੁਰਬਾਣੀ। ਭਾਵ ਪੈਂਦਾ ਵੀ ਗੁਰਬਾਣੀ ਸੁਣਾਉਣ ਵਾਲੇ ਲਈ ਇਕ ਗੱਦਾ ਬਣਾ ਕੇ ਬਿਠਾਉਣਾ ਅਤੇ ਆਪ ਬਿਸਤਰ ਵਾਲੀ ਚਾਦਰ ਤੇ ਹੀ ਬੈਠਣਾ। ਦਾਸ ਨੇ ਨਿਤਨੇਮ ਸੁਣਾਉਣਾ (ਪੰਜ ਬਾਣੀਆਂ) ਫੇਰ ਭਾਈ ਸਾਹਿਬ ਉਤਮ ਸਿੰਘ ਨੇ ਸੁਖਮਨੀ ਸਾਹਿਬ ਫੇਰ ਭਾਈ ਬਾਵਾ ਸਿੰਘ ਨੇ ਰਾਗ ਤੁਖਾਰੀ ਬਾਰਾ ਮਾਹਾਂ ਅਤੇ ਸੁਖਮਨੀ ਸਾਹਿਬ। ਉਪਰੰਤ ਇੱਕ ਦੂਜੇ ਕਮਰੇ ਵਿਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਉਥੇ ਜਾ ਕੇ ਹੁਕਮਨਾਮਾ ਸੁਣਕੇ ਭਾਈ ਸਾਹਿਬ ਨੇ ਇਕੋ ਸਰਬ ਲੋਹ ਦਾ ਬਣਿਆ ਹੋਇਆ ਪਰਸ਼ਾਦਾ ਛਕਣਾ।

ਬੱਸ ਮੁਕਦੀ ਗੱਲ ਕਿ ਸਿੰਘਾਂ ਵਿੱਚ ਇਤਨਾਂ ਪਿਆਰ ਸੀ ਕਿ ਜਦੋਂ ਵੀ ਕਿਸੇ ਨੂੰ ਗੁਰਸਿੱਖ ਤਿਅਰ ਬਰ ਤਿਆਰ ਦੇ ਦਰਸ਼ਨ ਹੁੰਦੇ, ਭੱਜ ਭੱਜ ਕੇ ਗਲਵੱਕੜੀ ਪਾਉਣੀ ਅਤੇ ਗੁਪਤ ਨਾਮ ਦੇ ਅਮੀਉ ਰਸ ਦੇ ਰੱਜ ਰੱਜ ਕੇ ਖੰਡੇ ਖੜਕਾਉਣੇ। ਗਲਵਕੜੀਆ ਛੱਡਣੀਆਂ ਹੀ ਨਹੀਂ

ਜਦੋਂ ਸਿੰਘਾਂ ਵਲੋਂ ਸੂਰਾ ਛਾਪਣ ਦਾ ਪਰੋਗਰਾਮ ਹੋਇਆ ਉਸ ਵੇਲੇ ਦਾਸ ਲੁਧਿਆਣੇ ਵਿੱਚ ਹੀ ਸੀ। ਸਮਾਗਮ ਤੋਂ ਬਾਅਦ ਕੁਝ ਸਿੰਘ ਗੁਰਦੁਆਰੇ ਸਾਹਿਬ ਵਿਚ ਬੈਠ ਕੇ ਵਿਚਾਰ ਕਰਨ ਲੱਗੇ ਕਿ ਅਖੰਡ ਕੀਰਤਨੀ ਜਥੇ ਵਲੋਂ ਵੀ ਕੋਈ ਪਰਚਾ ਨਿਰੋਲ ਧਾਰਮਕ ਵਿਚਾਰਾਂ ਨੂੰ ਮੁਖ ਰੱਖ ਕੇ ਛਾਪਣਾ ਚਾਹੀਦਾ ਹੈ। ਮੀਟਿੰਗ ਵਿੱਚ ਦਾਸ ਵੀ ਹਾਜ਼ਰ ਸੀ। ਵਿਚਾਰ ਹੋਈ ਕਿ ਪਰਚੇ ਦਾ ਕੀ ਨਾਮ ਰਖਿਆ ਜਾਵੇ। ਦਾਸ ਨੇ ਬੇਨਤੀ ਕੀਤੀ ਕਿ ਪਹਿਲਾ ਸਤਿਗੁਰੂ ਅੱਗੇ ਅਰਦਾਸ ਕੀਤੀ ਜਾਵੇ ਫੇਰ ਹੁਕਮ ਨਾਮਾ ਲਿਆ ਜਾਵੇ। ਹੁਕਮ ਨਾਮੇ ਵਿਚੋਂ ਹੀ ਕੋਈ ਅੱਖਰ ਲੈ ਕੇ ਪਰਚੇ ਦਾ ਨਾਮ ਰਖਿਆ ਜਾਵੇ। ਸੋਇੰਜ ਹੀ ਹੋਇਆ। ਅਰਦਾਸ ਤੋਂ ਬਾਅਦ ਹੁਕਮ ਨਾਮਾ ਲਿਆ ਗਿਆ। ਹੁਕਮਨਾਮਾ (ਧਨਾਸਰੀ ਮਹਲਾ ੫)

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥(ਪੰਨਾ ੬੭੯)

ਬੱਸ ਸਿੰਘਾਂ ਨੇ ਵਿਚਾਰ ਕੀਤੀ ਕਿ ਸੂਰਾ, ਸੂਰਮਾ ਤੇ ਉਹੀ ਹੈ ਜਿਸ ਨੂੰ ਗੁਰਮਤ ਨਾਮ ਦਾ ਰੰਗ ਲਗ ਜਾਵੇ। ਨਾਮ ਸਿਮਰਨ ਤੋਂ ਬਿਨਾਂ ਤੇ ਸੂਰਮਾ (ਸੂਰਾ) ਹੋ ਹੀ ਨਹੀਂ ਸਕਦਾ। ਬੱਸ ਪਰਚੇ ਦਾ ਨਾਂ 'ਸੂਰਾ' ਹੀ ਰੱਖਿਆ ਗਿਆ।

ਸੋ ਇਹ ਹੈ ਸੂਰਾ ਪੱਤਰ ਸ਼ੁਰੂ ਹੋਣ ਦੀ ਵਿਥਿਆ ਜੋ ਸੱਚੇ ਪਾਤਸ਼ਾਹ ਨੇ ਆਪ ਵਿਚ ਵਰਤ ਕੇ ਸ਼ੁਰੂ ਕਰਵਾਈ ਤੇ ਹੁਣ ਵੀ ਆਪਣੀ ਮਿਹਰ ਨਾਲ ਆਪ ਹੀ ਇਸ ਨੂੰ ਚਲਾ ਰਹੇ ਹਨ। ■■■


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਜੂਨ ੯੯)

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥
ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ॥
ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥
ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ
ਮੁਹਿ ਕਾਲੈ ਉਠਿ ਜਾਹਿ ॥੧॥ (੧੧)

(ਸਲੋਕ ਮ: ੪, ਬਿਹਾਗੜੇ ਕੀ ਵਾਰ, ਪੰਨਾ ੫੫੨)

ਭਾਵ– ਸਤਿਗੁਰੂ ਨੂੰ ਸੇਵੇ ਬਿਨਾਂ ਅਰਥਾਤ ਸਤਿਗੁਰ ਦਾ ਸੇਵਕ ਸਿਖ ਹੁਕਮੀ ਬੰਦਾ ਬਣੇ ਬਿਨਾਂ ਜਿਹੜੇ ਅਨਮਤੀਏ ਲੋਗ ਕਰਮ ਕਮਾਉਂਦੇ ਹਨ, ਭਾਵੇਂ ਕਿੰਨੇ ਹੀ ਕਰਮ ਕਰਿ ਥਕਣ, ਕਰਦੇ ਕਰਦੇ ਭਾਵੇਂ ਮਰ ਮਿਲਣ, ਉਹ ਕਰਮ ਉਹਨਾਂ ਦੇ ਜੀਵ-ਆਤਮਾ ਨੂੰ ਬੰਧਨ ਰੂਪ ਹੋ ਕੇ ਚਿਮੜ ਜਾਂਦੇ ਹਨ। ਕਰਮ ਕਰਨ-ਹਾਰਿਆ ਨੂੰ ਚੁਰਾਸੀ ਦੇ ਗੇੜ ਵਿਚ ਪਾ ਦਿੰਦੇ ਹਨ। ਬਿਨਾਂ ਸਤਿਗੁਰੂ ਦੇ ਸੇਵਿਆਂ ਸਿਖਸ਼ੇਵਿਆਂ ਅਜਿਹੇ ਹਉਮੈ-ਬੰਧਨੀ ਕਰਮ ਕਰਨ ਵਾਲੇ ਠਾਉਰ ਨਹੀਂ ਪਾਉਂਦੇ, ਚੁਰਾਸੀ ਵਿਚਿ ਹੀ ਘੁੰਮਦੇ ਰਹਿੰਦੇ ਹਨ। ਇਸਥਿਤੀ ਨਹੀਂ ਪਾਉਂਦੇ। ਮਰਿ ਮਰਿ ਜੰਮਦੇ ਤੇ ਜੰਮਿ ਜੰਮਿ ਮਰਦੇ ਹੀ ਰਹਿੰਦੇ ਹਨ। ਲੱਖ ਚਉਰਾਸੀ ਜੂਨਾਂ ਵਿਚ ਆਉਂਦੇ ਜਾਂਦੇ ਹੀ ਰਹਿੰਦੇ ਹਨ, ਟਿਕਣੇ ਨਹੀਂ ਪਾਉਂਦੇ, ਬਿਨਾਂ ਸਤਿਗੁਰੂ ਦੇ ਸੇਵਕ ਸਿਖ ਬਣਿਆਂ ਤੇ ਸਤਿਗੁਰੂ ਦੇ ਹੁਕਮਾਂ ਉਪਰ ਚਲੇ ਬਿਨਾਂ। ਉਹਨਾਂ ਦੇ ਕਰਮ ਧਰਮ ਕਰਨੀ ਆਦਿਕ ਤਾਂ ਫੋਕੇ ਹੋਣੇ ਹੀ ਸੀ, ਉਹਨਾਂ ਦੇ ਖ਼ਿਆਲ, ਬੋਲ, ਬਚਨ ਭੀ ਫਿਕੇ ਹੀ ਹੁੰਦੇ ਹਨ। ਐਵੇਂ ਅਰਲ ਬਰਲ ਹੀ ਮੂੰਹੋਂ ਬੋਲਦੇ ਰਹਿੰਦੇ ਹਨ ਕਿਉਂਕਿ ਉਹਨਾਂ ਦੇ ਮਨਾਂ ਦੇ ਅੰਦਰ ਨਾਮ ਨਹੀਂ ਵਸਿਆ ਹੁੰਦਾ। ਨਿਗੁਰਿਓਂ ਸਗੁਰੇ ਬਣੇ ਬਿਨਾਂ ਨਾਮ ਕਿਸੇ ਭੀ ਆਨਮਤ ਕਰਮੀ ਮਤਸਰੀ ਆਦਮੀ ਦੇ ਮਨ ਵਿਚਿ ਨਹੀਂ ਆ ਸਕਦਾ।

ਨਾਮ ਬਿਹੂਣਿਆਂ, ਨਾਮ ਹੀਣਿਆਂ ਦੇ ਸਭਿ ਕਰਮ ਥੋਥੇ ਹੀ ਹੁੰਦੇ ਹਨ। ਗੁਰੂ ਨਾਨਕ ਸਾਹਿਬ ਪਾਤਸ਼ਾਹ ਦੇ ਘਰ ਦਾ ਸਿਖ, ਸੇਵਕ ਬਣੇ ਬਿਨਾਂ ਨਿਗੁਰੇ ਮਨਮਤੀਆਂ, ਆਨਮਤਿ ਮਤੀਆਂ ਦਾ ਕੋਈ ਕਰਮ ਭੀ ਥਾਂਇ ਨਹੀਂ ਪੈਂਦਾ। ਉਹ ਅਗਾਹਾਂ ਜਾ ਕੇ ਜਮਾ ਦੇ ਵਸ ਪੈ ਕੇ ਜਮਾਂ ਦੀ ਮਾਰ ਖਾਂਦੇ ਹਨ ਅਤੇ ਐਥੋਂ ਉਹਨਾ ਕਰਮ-ਕਰਤੂਤਾ ਦੇ ਕਾਰਨ ਮੂੰਹ ਕਾਲੇ ਲੈ ਕੇ ਹੀ ਚਲੇ ਜਾਂਦੇ ਹਨ। ਤਾਂਤੇ ਮੂੰਹ ਕਾਲੇ ਕਰਨ ਵਾਲੇ ਕਰਮਾ ਨੂੰ ਮਤਿ ਕਰੋ। ਓਇ ਭਲਿਓ ਲੋਕੋ । ਇਹ ਕਰਮ ਤੁਹਾਨੂੰ ਜਮਪੁਰੀ ਨੂੰ ਬੰਨ੍ਹ ਕੇ ਲੈ ਜਾਣਗੇ। ਫੇਰ ਪਛਤਾਉਣਾ ਪਵੇਗਾ। ਹੁਣੇ ਤੋਂ ਹੀ ਏਹ ਕਰਮ ਕਰਨੇ ਤਿਆਗ ਦੇਵੋ। ਨਹੀਂ ਤਾਂ–

ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥੧॥

(੧੫) (ਸਲੋਕ ਮ: ੩, ਬਿਹਾਗੜੇ ਕੀ ਵਾਰ, ਪੰਨਾ ੫੫੪)

ਭਾਵ– ਸਤਿਗੁਰੂ ਨੂੰ ਭੇਟੇ ਬਿਨਾਂ ਅਰਥਾਤ ਸਤਿਗੁਰੂ ਨੂੰ ਧਾਰਨ ਕੀਤੇ ਬਿਨਾਂ ਨਿਗੁਰਿਓਂ ਸਗੁਰੇ ਬਣੇ ਬਿਨਾਂ ਸਾਰਾ ਜਗੁ ਅੰਨ੍ਹਾ ਹੀ ਹੈ ਅਤੇ ਅੰਨ੍ਹੇ ਹੀ ਕਰਮ ਕਮਾਉਂਦਾ ਹੈ। ਅੰਨ੍ਹੇਵਾਹ ਕਰਮ ਕੀਤੇ ਹੋਏ ਕਿਸੇ ਦਾ ਪਾਰ-ਉਤਾਰਾ ਨਹੀਂ ਕਰ ਸਕਦੇ। ਸਭ ਡੋਬ ਦੇਣਗੇ ਕਰਮਾਂ ਦੇ ਕਰਨਹਾਰਿਆਂ ਨੂੰ।

ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ ॥
ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥੩॥

(੪॥੬) (ਵਡਹੰਸੁ ਮ: ੩, ਪੰਨਾ ੫੭੧)

ਭਾਵ – ਜਤੁ ਸਤੁ ਸੰਜਮੁ ਆਦਿਕ ਆਨਮਤੀ ਤੇ ਮਨਮਤੀ ਕਰਮ ਜਿਤਨੇ ਭੀ ਕੋਈ ਮਨਮਤੀਆਂ ਆਨਮਤੀਆ ਕਰਦਾ ਕਮਾਉਂਦਾ ਹੈ, ਬਿਨਾਂ ਗੁਰੂ ਤੋਂ ਨਾ ਹੀ ਉਕਤ ਕਰਮ ਕੀਤੇ ਕਿਸੇ ਲੇਖੇ ਪੈਂਦੇ ਹਨ, ਨਾ ਇਹਨਾਂ ਕਰਮ ਕਰਨਹਾਰੇ ਪੁਰਸ਼ਾਂ ਮਨਮਤੀਆਂ ਦੀ ਗਤੀ ਹੁੰਦੀ ਹੈ; ਨਾ ਉਸ ਨੂੰ ਕਲਿਆਣ ਹਾਸਲ ਹੁੰਦੀ ਹੈ। ਗੁਰੂ



www.AKJ.Org

ਕਰਤਾਰ ਦੇ ਬਣ ਰਹਿਣ ਕਰਕੇ ਸਬਦ ਸੁਰਤਿ ਦੀ ਸੋਝੀ ਪੈਂਦੀ ਹੈ ਅਤੇ ਗੁਰਸ਼ਬਦ ਦੀ ਸੋਝੀ ਪਇਆਂ ਹੀ ਆਪਣੇ ਕਰਮਾਂ ਦੇ ਕੁਫੇਰ ਵਿਚੋਂ ਆਨਮਤੀਆਂ ਮਨਮਤੀਆਂ ਪੁਰਸ਼ ਨਿਕਲਦਾ ਹੈ। ਨਹੀਂ ਤਾਂ ਨਿਕਲ ਸਕਦਾ ਹੀ ਨਹੀਂ, ਏਹਨਾਂ ਕਰਮਾਂ ਵਿਚਿ ਹੀ ਖਜਲ ਖੁਆਰੁ ਹੁੰਦਾ ਰਹਿੰਦਾ ਹੈ।

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥
ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥
ਕਰਮ ਕਰਹਿ ਗੁਰਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥੨॥
(੪॥੬) (ਸੋਰਠਿ ਮ: ੩, ਪੰਨਾ ੬੦੨)

ਭਾਵ ਅਰਥ – ਪੁੱਤਰ ਕਲੱਤ੍ਰੀ ਟੱਬਰ ਕੁਟੰਬ ਦੀ ਮੋਹ-ਮਮਤਾ, ਇਹ ਸਭਿ ਜੀਵ-ਆਤਮਾ ਦੇ ਬੰਧਨ ਹੀ ਹਨ, ਸਾਰਾ ਸੰਸਾਰ ਐਵੇਂ ਕਰਮਾਂ ਵਿਚਿ ਹੀ ਭੁਲਿਆ ਫਿਰਦਾ ਹੈ। ਅਤੇ ਭੁਲਿਆ ਫਿਰਦਾ ਹੀ ਕਰਮ ਕਰਦਾ ਫਿਰਦਾ ਹੈ। ਸਤਿਗੁਰੂ ਦਾ ਬਣੇ ਬਿਨਾਂ ਇਹ ਬੰਧਨ ਕਦਾਚਿਤ ਨਹੀਂ ਟੁਟਦੇ ਮਨਮੁਖਾਂ ਦੇ। ਇਹਨਾਂ ਦੀ ਮਨਮੁਖਤਾ ਦੇ ਕਾਰਨ ਮਨਮੁਖੀ ਕਰਮ ਕਰਨ ਦੇ ਸੁਆਦਲੇ ਬੰਧਨ ਟੁਟਦੇ ਨਹੀਂ ਅਤੇ ਪਏ ਹੀ ਰਹਿੰਦੇ ਹਨ। ਬੰਧਨ ਤੁਟਿਆਂ ਬਿਨਾਂ ਜੋ ਕਰਮ ਭੀ ਮਨਮੁਖੀ ਪੁਰਸ਼ ਕਰਦੇ ਹਨ ਸੋ ਉਹਨਾਂ ਨੂੰ ਰਸਾਤਲ ਨੂੰ ਹੀ ਡੋਬ ਲੈ ਜਾਂਦੇ ਹਨ। ਉਹਨਾਂ ਨੂੰ ਮੋਖ ਦੁਆਰ ਦੀ ਪ੍ਰਾਪਤੀ ਕਦੇ ਹੁੰਦੀ ਹੀ ਨਹੀਂ। ਗੁਰੂ ਦੇ ਅਨੁਸਾਰੀ ਗੁਰ ਹੁਕਮੀ ਬੰਦੇ ਗੁਰੂ ਦੇ ਗੁਰਮੁਖਿ ਸਿਖਾਂ ਨੂੰ ਸੌਖੇ ਹੀ ਮੋਖ ਦੁਆਰਾ ਪ੍ਰਾਪਤਿ ਹੁੰਦਾ ਹੈ। ਜਿਹੜੇ ਮਨਮੁਖਿ ਪੁਰਸ਼ ਗੁਰਸ਼ਬਦ ਪਛਾਣੇ ਬਿਨਾਂ ਹੀ ਕਰਮ ਕਮਾਉਂਦੇ ਹਨ ਉਹ ਬਾਰੋ ਬਾਰ ਜੰਮਦੇ ਮਰਦੇ ਹੀ ਰਹਿੰਦੇ ਹਨ। ਗੁਰੂ-ਗਿਆਨ ਬਿਹੂਣ ਹਉਮੈ ਬੰਧਨੀ ਕਰਮ ਸਭ ਜਮਪੁਰੀ ਨੂੰ ਸਿੱਧਾ ਹੀ ਲੈ ਜਾਂਦੇ ਹਨ।

ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ ॥
ਅਨਿਕ ਕਰਮ ਕਰਿ ਥਕਿਆ ਭਾਈ ਫਿਰਿ ਫਿਰਿ ਬੰਧਨ ਪਾਇ ॥੩॥
(੪॥੨) (ਸੋਰਠਿ ਮ: ੫, ਘਰੁ ੧, ਪੰਨਾ ੬੦੮)

ਭਾਵ– ਸਿਮ੍ਰਤੀਆਂ ਤੇ ਸ਼ਾਸਤ੍ਰ ਆਨਮਤੀਆਂ ਬਥੇਰੇ ਸੋਧੇ (ਘੋਖੇ), ਤਿਨ੍ਹਾਂ ਸਿਮ੍ਰਿਤਿ ਸ਼ਾਸਤ੍ਰਾਂ ਵਾਲੇ ਕਰਮ ਕੀਤਿਆਂ ਉਹਨਾਂ ਦਾ ਭਰਮ ਨਹੀਂ ਜਾਂਦਾ। ਸਤਿਗੁਰੂ ਬਿਨਾਂ ਇਹ ਭਰਮ ਜਾ ਹੀ ਨਹੀਂ ਸਕਦਾ। ਜਦੋਂ ਭੀ ਇਹਨਾਂ ਆਨਮਤੀ ਕਰਮੀਆਂ ਧਰਮੀਆਂ ਦਾ ਅਗਿਆਨ-ਮਈ ਭਰਮ ਜਾਵੇਗਾ ਤਾਂ ਸਤਿਗੁਰੂ ਦੀ ਸੁਮਤਿ ਲਏ ਤੋਂ ਹੀ ਜਾਏਗਾ। ਗੁਰੂ-ਹੀਣਾ ਨਿਗੁਰਾ ਮੀਣਾ ਭਾਵੇਂ ਅਨੇਕਾਂ ਕਰਮ ਕਰਿ ਕਰਿ ਹੰਭ ਥਕੇ, ਉਹ ਮੁੜਿ ਮੁੜਿ ਬੰਧਨ ਵਿਚਿ ਹੀ ਪੈਂਦਾ ਰਹਿੰਦਾ ਹੈ।

ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥
ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ..... ॥੭॥(ਪੰਨਾ ੬੩੮) (ਸੋਰਠਿ ਮ: ੩)

ਭਾਵ – ਸਤਿਗੁਰੂ ਦਾ ਸੇਵਕ ਸਿਖ ਬਣੇ ਬਿਨਾਂ ਅਤੇ ਸਿਖ ਬਣ ਕੇ ਸਤਿਗੁਰੂ ਤੋਂ ਦੀਖਿਆ ਗੁਰਮੰਤਰ ਲਏ ਬਿਨਾਂ ਤੇ ਗੁਰ ਦੀਖਿਆ ਲੈ ਕੇ ਸਿਮਰਨ ਰੂਪੀ ਸੇਵਾ ਵਿਚ ਅਰੂੜ ਹੋਏ ਬਿਨਾਂ ਜਨਮ ਜੂਨੀਆਂ ਦਾ ਸਿਲਸਿਲਾ ਛੁਟਦਾ ਹੀ ਨਹੀਂ। ਆਵਾ-ਗਵਨ ਦਾ ਖਹਿੜਾ ਛੁਟਦਾ ਹੀ ਨਹੀਂ ਭਾਵੇਂ ਅਨੇਕਾ ਵਧ ਤੋਂ ਵਧ (ਅਧਿਕਾਈ ਤੋਂ ਅਧਿਕਾਈ) ਕਰਮ ਕਰਦਾ ਫਿਰੇ। ਵੇਦ ਪੜ੍ਹਨਹਾਰੇ ਆਨਮਤੀ ਲੋਗ ਵੇਦਾਂ ਨੂੰ ਪੜ੍ਹਦੇ ਹਨ ਅਤੇ ਵੇਦਾਂ ਨੂੰ ਪੜਿ ਪੜਿ ਵਾਦ ਹੀ ਵਖਾਣਦੇ ਫਿਰਦੇ ਰਹਿੰਦੇ ਹਨ। ਵਾਹਿਗੁਰੂ ਗੁਰੂ ਕਰਤਾਰ ਬਿਨਾਂ, ਏਤਨੇ ਕਰਮ ਕਰਿ ਆਪੇ ਹੀ ਉਹ ਆਪਣੀ ਪਤ ਨੂੰ ਗੰਵਾ ਹੀ ਜਾਂਦੇ ਹਨ

ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥
ਅਵਰ ਕਰਮ ਨਹੀ ਛੁਟੀਐ ਰਾਖਹੁ ਹਰਿ ਨਾਥ ॥੧॥ (੨੭॥੫੭) (ਬਿਲਾਵਲੁ ਮ: ੫, ਪੰਨਾ ੮੧੫)

ਭਾਵ– ਇਹਨਾਂ ਕਰਮ-ਬੰਧਨੀ ਕਲਜੁਗੀ ਜੀਵਾਂ ਦੇ ਬੰਧਨ ਸਰਬ ਕਲਾ ਸਮਰੱਥ ਵਾਹਿਗੁਰੂ ਹੀ ਕਟ ਸਕਦਾ ਹੈ। ਹੋਰ ਕਰਮਾਂ ਅਰਥਾਤ ਆਨਮਤ ਕਰਮਾਂ ਦੁਆਰਾ ਛੁਟਕਾਰਾ ਕਦੇ ਹੋ ਹੀ ਨਹੀਂ ਸਕਦਾ। ਰਾਖਨਹਾਰਾ ਗੁਰੂ ਕਰਤਾਰ ਹੀ ਇਹਨਾ ਭਰਮ-ਬੰਧਨੀ ਕਰਮਾਂ ਤੋਂ ਹਥਿ ਦੇ ਕੇ ਰਖੇ ਤਾਂ ਰਖੇ, ਹੋਰ ਕਿਸੇ ਦੀ ਪਹੁੰਚ

www.AKJ.Org

ਨਹੀਂ। ਸਰਬ ਕਲਾ ਸਮਰੱਥ ਦੇ ਰਜਾਈ ਕਰਮ ਅਨੁਸਾਰ ਗੁਰੂ ਸਤਿਗੁਰੂ ਦਾ ਕਿਰਪਾ ਰੂਪੀ ਪ੍ਰਸਾਦਿ ਉਹਨਾਂ ਉਪਰਿ ਹੀ ਵਰਤਦਾ ਹੈ ਜੋ ਨਿਸੱਲ ਹੋ ਕੇ, ਸਭ ਪਾਸਿਓਂ ਹਾਰ ਕੇ ਵਾਹਿਗੁਰੂ ਦੀ ਸ਼ਰਣਾਇ ਆਇ ਪੈਂਦੇ ਹਨ। ਤਦ ਸਤਿਗੁਰੂ ਦੀ ਭੇਟ ਮਿਲਾਪ ਪ੍ਰਾਪਤ ਹੁੰਦਾ ਹੈ। ਅਤੇ ਸਤਿਗੁਰੂ ਦਾ ਭੇਟ ਮਿਲਾਪ ਉਹਨਾਂ ਨੂੰ ਗੁਰ-ਦੀਖਿਆ ਗੁਰਮਤਿ ਪ੍ਰਦਾਨ ਕਰਨ ਕਰਕੇ ਉਸ ਦੀ ਕਲਿਆਣ ਹੋ ਜਾਂਦੀ ਹੈ ਅਤੇ ਉਸਦੇ ਕੀਤੇ ਸਭ ਕਰਮਾਂ ਦੇ ਬੰਧਨ ਟੁਟ ਜਾਂਦੇ ਹਨ।

ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥
ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥੩੩॥ (ਰਾਮਕਲੀ ਮ: ੧ ਦਖਣੀ ਓਅੰਕਾਰ, ਪੰਨਾ ੯੩੪)

ਭਾਵ— ਸੱਚੇ ਵਾਹਿਗੁਰੂ ਦੇ ਸੱਚੇ 'ਵਾਹਿਗੁਰੂ' ਨਾਮ ਬਿਨਾਂ ਕਿਉਂ ਛੂਟੀਐ, ਕਿਵੇਂ ਛੁਟਕਾਰਾ ਹੋਵੇ? ਛੁਟਕਾਰਾ ਹੁੰਦਾ ਹੈ ਤਾਂ ਸੱਚੇ ਨਾਮ ਦੀਆਂ ਕਮਾਈਆਂ ਕਰ ਕੇ ਹੀ ਹੁੰਦਾ ਹੈ। ਵਾਹਿਗੁਰੂ ਦੇ ਗੁਣਾਂ ਰੂਪੀ ਸਿਫਤਿ ਸਾਲਾਹੀ ਸੱਚੇ ਨਾਮ ਦੀ ਮਣੀ ਪਾਰਸ ਕਣੀ ਦੇ ਪਰਸਿਆਂ ਤਤਕਾਲ ਹੀ ਨਿਸਤਾਰਾ ਹੋ ਜਾਂਦਾ ਹੈ। ਅਤੇ ਸਭ ਕਰਮ ਕਟੇ ਜਾਂਦੇ ਹਨ। ਇਸ ਪਾਰਸ-ਮਣੀ ਨਾਮ ਦੀ ਕਣੀ ਪ੍ਰਾਪਤਿ ਹੁੰਦਿਆਂ ਸਾਰ ਹੀ ਇਸ ਸਿਫ਼ਤਿ ਸਾਲਾਹੀ ਨਾਮ ਅਭਿਆਸ ਦੀ ਕਮਾਈ ਕਰਨ ਰਾਹੀਂ ਪਾਰਸ-ਮਣੀ ਦੀ ਬਖਸ਼ਿਸ਼ ਤਿਸੈ ਵਡਭਾਗੇ ਗੁਰਮੁਖ ਜਨ ਨੂੰ ਹੀ ਪ੍ਰਾਪਤਿ ਹੁੰਦੀ ਹੈ ਜਿਸ ਨੂੰ ਉਸ ਨੇ ਆਪ ਕਰਮਾਂ ਦੇ ਗੇੜ ਤੋਂ ਛੁਡਾਉਣਾ ਮਥਿਆ ਹੋਇਆ ਹੁੰਦਾ ਹੈ। ਬਸ ਉਸ ਦੀ ਬਖਸ਼ਸ਼ ਦੁਆਰਾ ਹੀ ਉਸ ਦੇ ਛੁਡਾਏ ਹੀ ਛੁਟੀਦਾ ਹੈ। ਉਹ ਆਪਣੀ ਬਖਸ਼ਸ਼ ਆਪਿ ਕਰਨਹਾਰਾ ਬੜਾ ਹੀ ਬਖਸ਼ਿੰਦ ਧਣੀ ਹੈ।

ਬਿਨੁ ਸਤਿਗੁਰੁ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ॥
ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ ॥
ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥
ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥
ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੋ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥
ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੩॥ (੮)(ਮ: ੩, ਰਾਮਕਲੀ ਕੀ ਵਾਰ, ਪੰਨਾ ੯੫੦)

ਸਤਿਗੁਰੂ ਦਾ ਸੱਚਾ ਸੇਵਕ ਸਿਖ ਬਣੇ ਬਿਨਾਂ ਅਤੇ ਸਤਿਗੁਰੂ ਦੁਆਰਿਓਂ ਗੁਰਮਤਿ ਨਾਮ ਦੀ ਪ੍ਰਾਪਤੀ ਕੀਤੇ ਬਿਨਾਂ ਅਤੇ ਪ੍ਰਾਪਤਿ ਕੀਤੇ ਨਾਮ ਦੀ ਕਮਾਈ ਬਿਨਾਂ ਸੱਚੀ ਸ਼ਾਂਤੀ ਕਿਸੇ ਨੂੰ ਭੀ ਪ੍ਰਾਪਤਿ ਨਹੀਂ ਹੁੰਦੀ। ਇਸ ਸੱਚੀ ਸ਼ਾਂਤੀ ਦੇ ਪ੍ਰਾਪਤਿ ਕਰਨ ਲਈ ਹੋਰ ਕੋਈ ਜਗ੍ਹਾ ਠਉਰ ਥਾਂ ਹੀ ਨਹੀਂ। ਇਹ ਸਤਿਗੁਰੂ ਦੀ ਸ਼ਰਣ ਪ੍ਰਾਪਤੀ ਵਾਲੀ ਠਉਰ ਐਵੇਂ ਕਿਸੇ ਨੂੰ ਨਹੀਂ ਮਿਲਦੀ ਭਾਵੇਂ ਸੌ ਵਾਰਾਂ ਲੋਚੀਐ। ਆਪਣੀ ਲੋਚਣੀ ਕਰਿ, ਆਪਣੀ ਲੋਚੀ ਦੇ ਮਨ-ਉਕਤ ਕਰਮ ਕੀਤਿਆਂ ਪ੍ਰਾਪਤਿ ਨਹੀਂ ਹੁੰਦੀ। ਪ੍ਰਾਪਤਿ ਹੁੰਦੀ ਹੈ ਤਾਂ ਉਚੇ ਭਾਗਾਂ ਕਰਕੇ, ਉਸਦੀ ਬਖਸ਼ਸ਼ ਕਰਕੇ, ਸਭ ਬਖਸ਼ਸ਼ੀ ਕਰਮ ਕੀਤਿਆਂ ਪ੍ਰਾਪਤਿ ਹੁੰਦੀ ਹੈ। ਵਿਣ ਕਰਮਾਂ ਦੇ ਇਹ ਗਤੀ ਪ੍ਰਾਪਤਿ ਨਹੀਂ ਹੁੰਦੀ। ਜਦੋਂ ਸ਼ਾਂਤੀ-ਪੁੰਜ ਸ਼ਾਂਤੀ ਦਾਤਾ ਸਿਫਤਿ ਸਾਲਾਹੀ ਗੁਰਮਤਿ ਕਰਮ ਦੁਆਰਾ ਆਇ ਪ੍ਰਾਪਤਿ ਹੁੰਦਾ ਹੈ ਓਦੋਂ ਨਾਲ ਹੀ ਇਹ ਗੁਰਮਤਿ ਸੈਲਾਹਣੀ ਸ਼ਾਂਤੀ ਭੀ ਆਪੋਂ ਹੀ ਆਇ ਪ੍ਰਾਪਤਿ ਹੁੰਦੀ ਹੈ। ਬਸ ਗੁਰਮਤਿ ਨਾਮ ਅਭਿਆਸੀਆਂ ਨੂੰ ਹੀ ਸ਼ਾਂਤ-ਪੁੰਜੀਆ ਸ਼ਾਂਤ-ਰਸੀਆ ਰੀਸਾਲੂ ਪ੍ਰਾਪਤਿ ਹੁੰਦਾ ਹੈ ਅਤੇ ਸ਼ਾਂਤੋਂ ਸ਼ਾਂਤ ਰਸੀਅੜਾ ਨਾਮ ਪ੍ਰਾਪਤਿ ਹੁੰਦਾ ਹੈ। ਇਸ ਨਾਮ ਸ਼ਾਂਤੀ ਤੋਂ ਸਖਣੇ ਫੋਕਟ ਕਰਮ-ਕਾਂਡੀਆਂ ਦੇ ਅੰਦਰਿ ਲੋਭ ਵਿਕਾਰ ਹੀ ਪ੍ਰਬਲ ਹੋ ਕੇ ਸਮਾਇਆ ਰਹਿੰਦਾ ਹੈ। ਉਹ ਸਾਕਤ ਮਨਮੁਖੀ ਲੋਭ ਵਿਕਾਰ ਅੰਤਰ ਰੱਤੀਏ ਪੁਰਸ਼ ਦੂਜੇ ਭਾਇ ਵਿਚਿ ਖੁਆਏ ਰਹਿੰਦੇ ਹਨ ਅਤੇ ਉਨ੍ਹਾਂ ਬੇਮੁਖਾਂ ਹੋਇਆਂ ਦੀ ਇਹੋ ਗਤੀ ਹੁੰਦੀ ਹੈ। ਦੂਜੇ ਭਾਇ ਵਿਚ ਖੁਆਏ, ਖਪਤ ਹੋਇਆਂ ਅਭਾਗੇ ਮਨਮੁਖਾਂ ਦਾ ਜੰਮਣਾ ਤੇ ਮਰਣਾ ਚੁਕਦਾ ਹੀ ਨਹੀਂ। ਜੰਮਣ ਮਰਣ ਦੀ ਘੁੰਮਣ-ਘੇਰੀ ਵਿਚਿ ਸਦਾ ਗੁਸੇ ਰਹਿੰਦੇ ਹਨ। ਹਉਮੈ ਬੰਧਨਾਂ ਦੇ ਬੰਧਈ ਹੋ ਕੇ ਉਹ ਦੁਖ ਪਾਉਂਦੇ ਹਨ ਅਤੇ ਦੁਖੀਏ ਹੀ ਹੋਏ ਰਹਿੰਦੇ ਹਨ। ਜਿੰਨ੍ਹਾਂ ਨੇ ਸਤਿਗੁਰ ਸੇਤੀ ਚਿਤਿ ਲਾਇਆ ਹੈ, ਜੋ ਇਕੋ ਸਤਿਗੁਰੂ


www.AKJ.Org

ਦੇ ਹੀ ਹੋ ਰਹੇ ਹਨ ਸੋ ਸੱਚੇ ਸਿਫਤਿ ਸਾਲਾਹੀ ਬਖ਼ਸ਼ ਵਾਲੇ ਧਨ ਤੋਂ ਕਦੇ ਖ਼ਾਲੀ ਨਹੀਂ ਰਹਿੰਦੇ। ਕੋਈ ਭੀ ਸਤਿਗੁਰੂ ਸਨਮੁਖੀਆ ਗੁਰਮੁਖ ਜਨ ਇਸ ਵਥ ਪਦਾਰਥ ਖੁਣੋਂ ਖ਼ਾਲੀ ਨਹੀਂ ਰਹਿੰਦਾ। ਐਸੇ ਗੁਰਮੁਖਾਂ ਨੂੰ ਜਮ ਦੀ ਤਲਬ ਹਰਗਿਜ਼ ਨਹੀਂ ਪੈਂਦੀ। ਉਹ ਜਨਮ ਮਰਨ ਨਰਕ ਤੇ ਚੁਰਾਸੀ ਦੇ ਗੇੜ ਵਿਚ ਪੈ ਕੇ ਦੁਖ ਨਹੀਂ ਸਹਿੰਦੇ। ਗੁਰੂ ਨਾਨਕ ਦੇ ਬਖ਼ਸ਼ੇ ਹੋਏ ਇਹੋ ਜਿਹੇ ਗੁਰਮੁਖ ਸੱਚੇ ਸ਼ਬਦ ਦੁਆਰਾ ਸੁਰਖ਼ਰੂ ਹੋ ਕੇ ਉਬਰਦੇ ਨਿਸਤਰਦੇ ਹਨ। ਅਤੇ ਉਬਰ ਕੇ ਸੱਚੇ ਵਾਹਿਗੁਰੂ ਵਿਚਿ ਸਮਾ ਜਾਂਦੇ ਹਨ।

ਬਿਨੁ ਗੁਰ ਦਾਤੇ ਕੋਇ ਨ ਪਾਏ॥ ਲਖ ਕੋਟੀ ਜੇ ਕਰਮ ਕਮਾਏ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥
(੧੬॥੪॥੧੩) (ਮਾਰੂ ਮ: ੩, ਪੰਨਾ ੧੦੫੭)

ਭਾਵ-- ਗੁਰੂ ਦਾਤੇ ਦੀ ਬਸੀਠੀ ਬਿਨਾਂ ਕੋਈ ਭੀ ਪਾਰਬ੍ਰਹਮ ਪਰਮੇਸਰ ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵੇਂ ਲਖਾਂ ਕੋਟਾਂ ਆਨਮਤ ਕਰਮਾਂ ਨੂੰ ਕੋਈ ਕਰਿ ਕਰਿ ਹਾਰਿ ਥਕੇ। ਲਖ ਕੋਟੀ ਕਰਮ ਕਮਾਏ ਉਸ ਦੇ ਬਿਰਥੇ ਜਾਂਦੇ ਹਨ। ਕਿਸੇ ਕੰਮ ਨਹੀਂ ਆਉਂਦੇ। ਸਤਿਗੁਰੂ ਦੀ ਬਸੀਠਤਾ ਮਈ ਸਹਾਇਤਾ ਬਿਨਾਂ ਲਖਾਂ ਤੇ ਕਰੋੜਾਂ ਕਰਮ ਕੀਤਿਆਂ ਦਾ ਕੱਖ ਲਾਭ ਨਹੀਂ। ਸਤਿਗੁਰੂ ਦੀ ਕਿਰਪਾ ਦੁਆਰਾ ਗੁਰ ਸ਼ਬਦ ਗੁਰਮੰਤਰ ਦੇ ਸਾਲਾਹਿਆਂ ਕੋਟ ਕਰਮ ਕਟੇ ਜਾਂਦੇ ਹਨ ਅਤੇ ਕਮਾਏ ਸਾਰੇ ਹੀ ਕਰਮ ਥਾਇ ਪੈਂਦੇ ਹਨ, ਨਹੀਂ ਤਾਂ ਅਜਾਈਂ ਹੀ ਜਾਂਦੇ ਹਨ। ਸਤਿਗੁਰੂ ਦੇ ਪ੍ਰਸਾਦਿ ਕਰਿ ਸ਼ਬਦ ਗੁਰ ਦੀਖਿਆ ਦੇ ਪਰਤਾਪ ਨਾਲਿ ਅਗਮ ਅਗੋਚਰ ਵਾਹਿਗੁਰੂ ਘਟ ਅੰਤਰਿ ਹੀ ਆਇ ਨਿਵਾਸ ਕਰਦਾ ਹੈ –

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥੨॥...
ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੧੬॥
(ਬਸੰਤੁ ਮ: ੩, ਪੰਨਾ ੧੧੭੬)

ਵਿਆਖਿਆ –ਆਮ ਲੋਕ ਆਪਣੇ ਮਨ ਦੇ ਅਧੀਨ ਹੋ ਕੇ ਹੀ ਸਾਰੇ ਕਰਮ ਕਮਾਉਂਦੇ ਹਨ। ਅਤੇ ਪੰਚਭੂਤਕ ਮਨੂਆ ਸਾਰਿਆਂ ਦਾ ਮਾਇਆ ਮੋਹ ਵਿਚਿ ਹੀ ਮਨੂਰ ਹੋਇਆ ਪਿਆ ਹੈ। ਅਤੇ ਸੰਸਾਰਕ ਧੰਧ ਬੰਧ ਵਿਚਿ ਹੀ ਲੱਥ ਪੱਥ ਹੋਇਆ ਰਹਿੰਦਾ ਹੈ ਅਤੇ ਧੰਧਿਆਂ ਵਿਚਿ ਬੰਨ੍ਹਿਆਂ ਹੋਇਆ ਹੀ ਕਰਮ ਕਮਾਉਂਦਾ ਹੈ ਅਤੇ ਮਾਇਆ ਦਾ ਮੁਠਿਆ ਹੋਇਆ ਚੀਖ ਪੁਕਾਰ ਕਰਦਾ ਰਹਿੰਦਾ ਹੈ। ਇਹ ਮਨੂਆ ਇਹਨਾਂ ਮਾਇਕ ਬੰਧਨਾਵਾਂ ਵਿਚੋਂ ਤਾਂ ਹੀ ਛੁਟਦਾ ਹੈ ਜਦੋਂ ਸਤਿਗੁਰ ਦਇਆਲ ਇਸ ਨੂੰ ਛੁਡਾ ਲੈਂਦਾ ਹੈ। ਸਤਿਗੁਰੂ ਦਾ ਛੁਡਾਇਆ ਹੀ ਛੁਟਦਾ ਹੈ। ਮਾਇਆ ਦਾ ਮੋਹ ਗੁਰਸ਼ਬਦ ਦੁਆਰਾ ਹੀ ਜਲਾਇਆ ਜਾਂਦਾ ਹੈ।

ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ॥ ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ॥
ਹਉਮੈ ਮਮਤਾ ਬਹੁ ਮੋਹੁ ਵਧਾਇਆ ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥
ਆਪੇ ਕਰਤਾ ਅਗਮ ਅਥਾਹਾ॥ ਗੁਰ ਸਬਦੀ ਜਪੀਐ ਸਚੁ ਲਾਹਾ ॥
ਹਾਜਰੁ ਹਜੂਰਿ ਹਰਿ ਵੇਪਰਵਾਹਾ॥ ਨਾਨਕ ਗੁਰਮੁਖਿ ਨਾਮਿ ਸਮਾਹਾ ॥
॥੪॥੨॥੧੧॥ (ਮਲਾਰ ਮ: ੩, ਪੰਨਾ ੧੨੬੧)

ਵਿਆਖਿਆ – ਜਦ ਤਾਈਂ ਸਤਿਗੁਰੂ ਨਹੀਂ ਭੇਟਿਆ ਜਾਂਦਾ, ਗੁਰੂ ਧਾਰਨ ਨਹੀਂ ਕੀਤਾ ਜਾਂਦਾ ਓਦੋਂ ਤਾਈਂ ਨਿਗੁਰਿਆਂ ਦੇ ਕਰਮ ਕੀਤੇ ਚਾਹੇ ਕਿੰਨੇ ਹੀ ਬਾਹਲੇ ਹੋਣ ਸਭਿ ਬਿਰਥੇ ਹੀ ਜਾਂਦੇ ਹਨ। ਮਾਇਆ ਦੇ ਭਰਮ ਵਿਚਿ ਭੁਲੇ ਹੋਏ ਹੀ ਗੁਰੂ ਹੀਣ ਨਿਗੁਰੇ ਪੁਰਸ਼ ਕਰਮ ਕਰਦੇ ਫਿਰਦੇ ਹਨ। ਇਹਨਾਂ ਆਨਮਤ ਕਰਮਾਂ ਦੇ ਕਰਨ ਕਰਿ ਹਉਮੈ ਮਮਤਾ ਦੀ ਹੀ ਬਹੁਤੀ ਮੈਲ ਵਧਦੀ ਹੈ। ਮਨਮੁਖਿ ਨਿਗੁਰੇ ਸਭਿ ਹਉਮੈ ਮਮਤਾ ਦੇ ਮਲੀਨ ਕਰਮ ਕਮਾਉਂਦੇ ਹੋਏ ਦੂਜੇ ਭਾਇ ਦੇ ਬਹੁਤੇ ਦੁਖ ਪਾਉਂਦੇ ਹਨ। ਆਪ ਤਾਂ ਕਰਤਾ ਪੁਰਖ ਵਡਿ ਅਗੰਮ ਹੈ (ਜਿਸ ਦੀ ਗੰਮਤਾ ਕੋਈ ਭੀ ਨਹੀਂ ਪਾ ਸਕਦਾ), ਗੁਰਸ਼ਬਦੀ ਹੀ ਵਾਹਿਗੁਰੂ ਜਪਿਆ ਜਾ ਸਕਦਾ ਹੈ। ਅਤੇ ਉਸ ਨੂੰ ਜਪ ਕੇ ਸੱਚਾ ਲਾਹਾ ਮਿਲਦਾ ਹੈ। ਸੱਚਾ ਲਾਹਾ ਗੁਰਦੀਖਿਆ ਦੁਆਰਾ ਪ੍ਰਾਪਤਿ ਹੋਏ ਅਤੇ ਗੁਰਮਤੀ ਹੀ ਜਪੇ ਜਪਾਏ ਸ਼ਬਦ ਦੁਆਰਾ ਹੀ ਮਿਲਦਾ ਹੈ। ਗੁਰਮਤਿ ਨਾਮ ਨੂੰ ਹੀ ਜਪਣ ਕਰਕੇ


www.AKJ.Org

ਸੱਚਾ ਲਾਹਾ ਪ੍ਰਾਪਤਿ ਹੁੰਦਾ ਹੈ। ਗੁਰਸ਼ਬਦੀ ਹੀ ਨਾਮ ਜਪਿਆ ਜਾ ਸਕਦਾ ਹੈ। ਅਰਥਾਤ ਗੁਰੂ ਦੁਆਰਾ ਗੁਰ ਦੀਖਿਆ ਮਿਲੇ ਬਾਝੋਂ ਨਾਮ ਨਹੀਂ ਜਪਿਆ ਜਾ ਸਕਦਾ। ਜੇ ਕੋਈ ਜਪੇ ਭੀ ਤਾਂ ਉਸ ਨੂੰ ਸੱਚਾ ਲਾਹਾ ਨਹੀਂ ਪ੍ਰਾਪਤਿ ਹੁੰਦਾ। ਸੱਚਾ ਲਾਹਾ ਗੁਰ ਦੀਖਿਆ ਨਾਮ ਗੁਰਮਤਿ ਨਾਮ ਨੂੰ ਜਪਿਆਂ ਹੀ ਪ੍ਰਾਪਤਿ ਹੁੰਦਾ ਹੈ। ਵੇਪਰਵਾਹ ਵਾਹਿਗੁਰੂ ਹਾਜ਼ਰ ਹਜ਼ੂਰਿ ਦਿਸਦਾ ਹੈ ਤਾਂ ਗੁਰਮਤਿ ਨਾਮ ਦੇ ਪਰਤਾਪ ਕਰਿ ਹੀ ਦਿਸਦਾ ਹੈ। ਏਦੂੰ ਵਡਾ ਸੱਚਾ ਲਾਹਾ ਹੋਰ ਕਿਹੜਾ ਹੋ ਸਕਦਾ ਹੈ ਕਿ ਅਗਮ ਅਗੋਚਰ ਵਾਹਿਗੁਰੂ ਹਾਜ਼ਰਾ ਹਜ਼ੂਰਿ ਅਤੇ ਜ਼ਾਹਾਰਾ ਜ਼ਹੂਰ ਦਿਸਣ ਲੱਗ ਪਏ। ਬੇਮੁਥਾਜ ਤੇ ਬੇਪ੍ਰਵਾਹ ਵਾਹਿਗੁਰੂ ਨੂੰ ਕੋਈ ਪ੍ਰਵਾਹ ਅਤੇ ਮੁਥਾਜੀ ਨਹੀਂ, ਕਿ ਜਣੇ ਖਣੇ ਨੂੰ ਪਰਤੱਖ ਦਿੱਸਣ ਲੱਗ ਪਵੇ। ਪਰ ਓਹ ਭਗਤ ਵਛਲ ਗੁਰਮਤਿ ਭਗਤੀ ਵਾਲਿਆਂ ਗੁਰਮੁਖਾਂ ਦੇ ਵਸ ਵਿਚਿ ਆਉਂਦਾ ਹੈ ਅਤੇ ਉਨ੍ਹਾਂ ਨੂੰ ਪਰਤੱਖ ਦਰਸ਼ਨ ਦਿਖਾਉਂਦਾ ਹੈ। ਜਿਸ ਨੂੰ ਪੇਖਿ ਪੇਖਿ ਭਗਤ ਜਨ ਖੁਸ਼ ਵਿਗਸਦੇ ਵਿਗਸਾਉਂਦੇ ਹਨ। ਗੁਰਮੁਖਿ ਅਜਿਹੇ ਦਰਸ ਬਿਗਸਾਰੀ ਗੁਰਮਤਿ ਨਾਮ ਨੂੰ ਸਿਮਰਦੇ ਸਿਮਰਦੇ ਨਾਮਿ ਵਿਚਿ ਹੀ ਲੀਨ ਹੋ ਜਾਂਦੇ ਹਨ।

ਰੰਗਾ ਰੰਗ ਰੰਗਨ ਕੇ ਰੰਗਾ ॥ ਕੀਟ ਹਸਤ ਪੂਰਨ ਸਭ ਸੰਗਾ ॥੧॥ਰਹਾਉ ॥
ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ ਭੂਖ ਅਰੁ ਨੰਗਾ ॥
ਪੂਜਾਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ॥
ਦਰਸਨੁ ਭੇਟੇ ਬਿਨੁ ਸਤਸੰਗਾ ॥੧॥ ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥
ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥ ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥
ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥ (ਕਾਨੜਾ ਮ: ੫, ਪੰਨਾ ੧੩੦੫)

ਕਰਮ ਕਾਂਡ ਕਰਨ ਨਾਲਿ ਹਉਮੈ ਦਾ ਹੋਰ ਪਾਹ ਚੜ੍ਹਦਾ ਹੈ ਹਉਮੈ ਨੂੰ ਹੋਰ ਪੱਠੇ ਪੈਂਦੇ ਹਨ। ਇਹ ਵਾਹਿਗੁਰੂ ਦਾ ਨਾਮ ਹੀ ਹੈ ਜਿਸ ਨਾਲਿ ਆਤਮ-ਰੰਗ ਚੜ੍ਹਦੇ ਹਨ ਅਤੇ ਕਰਮ-ਕਾਂਡੀ ਮੈਲ ਉਤਰਦੀ ਹੈ। ਵਾਹਿਗੁਰੂ ਅਤੇ ਵਾਹਿਗੁਰੂ ਦਾ ਨਾਮ ਰੰਗਾ-ਰੰਗੀ ਰੰਗਾਂ ਦੇ ਰੰਗਣਹਾਰਾ ਹੈ। ਚੜ੍ਹਦੇ ਤੋਂ ਚੜ੍ਹਦੇ ਰੰਗਾਂ ਵਿਚਿ ਸੁਰਤੀ ਬਿਰਤੀ ਨੂੰ ਰੰਗ ਚਲੂਲੇ ਚਾੜ੍ਹਨਹਾਰਾ ਹੈ। ਜਿਸ ਨੂੰ ਚਾਹੇ ਗੁਰੂ ਦੁਆਰਾ ਰੰਗ ਚੜ੍ਹਾ ਕੇ ਚਲੂਲੇ ਰੰਗਾਂ ਵਿਚਿ ਰੰਗ ਦੇਵੇ। ਉਹ ਸਭਨਾਂ ਵਿਚਿ ਵਰਤਿ ਰਹਿਆ ਹੈ। ਕੀੜੀ ਤੋਂ ਹਾਥੀ ਵਿਚਿ ਇਕ ਸਮਾਨ ਵਰਤਿ ਰਹਿਆ ਹੈ। ਸਾਰੇ ਹੀ ਪਰੀਪੂਰਨ ਹੈ ਅਤੇ ਸਾਰਿਆਂ ਦੇ ਸੰਗ ਵਰਤ ਰਹਿਆ ਹੈ। ਬਰਤ ਨੇਮ ਆਦਿਕ ਆਨਮਤਿ ਕਰਮ, ਗੰਗਾ ਸਮੇਤ ਆਨਮਤ ਤੀਰਥਾਂ ਦੇ ਇਸ਼ਨਾਨ ਆਦਿਕ ਜਿਤਨੇ ਭੀ ਆਨਮਤਿ ਕਰਮ ਹਨ, ਏਹ ਸਭ ਆਤਮ-ਕੁਸੰਗੀ ਕਰਮ ਹਨ ਜਿਨ੍ਹਾਂ ਦੇ ਕੀਤਿਆਂ ਮਾਇਆ ਦੇ ਕੁਸੰਭੀ ਰੰਗ ਦਾ ਕੁਰੰਗ ਹੀ ਚੜ੍ਹਦਾ ਹੈ। ਜਲਧਾਰਾ ਕਰਨ, ਬਰਫ ਵਿਚਿ ਆਪਣਾ ਤਨ ਗਾਲਣ, ਨਿਰਾਹਾਰ ਹੋ ਕੇ ਆਪਣੇ ਆਪ ਨੂੰ ਜਣਾਉਣ ਲਈ ਭੁੱਖ ਦਾ ਪਾਖੰਡ ਕਰਮ ਕਰਨਾ ਅਤੇ ਨੰਗਾ ਰਹਿਣਾ ਆਦਿਕ ਜਿਤਨੇ ਭੀ ਇਸ ਪ੍ਰਕਾਰ ਦੇ ਪਾਖੰਡ ਕਰਮ ਹਨ ਇਨ੍ਹਾਂ ਨਾਲਿ ਰੱਬ ਨਹੀਂ ਰੀਝਦਾ। ਅੰਗਾਂ ਨੂੰ ਮੇਲ ਕੇ ਚੌਕੜੇ ਜਮਾ ਕੇ ਪੂਜਾ ਆਚਾਰੀ ਕਰਮ ਕਰਨੇ, ਤਨ ਤੇ ਚਕਰ ਆਦਿ ਚਿੰਨ੍ਹ ਲਾਉਣ ਵਾਲੇ ਕਰਮ, ਕਈ ਪ੍ਰਕਾਰ ਦੇ ਤਿਲਕ, ਛੇ ਚਕਰ ਤਨ ਤੇ ਅੰਗਾਂ ਤੇ ਲਾਉਣ ਵਾਲਾ, ਖਟ ਦਰਸ਼ਨਾਂ (ਛੇ ਦਰਸ਼ਨ) ਨੂੰ ਭੀ ਮੰਨਣਾ ਅਤੇ ਖਟ ਦਰਸਨੀ ਕਰਮ ਕਰਨੇ, ਇਹ ਕਰਮ ਸਭ ਫੋਕਟ ਹਨ। ਪ੍ਰੰਤੂ ਬਿਨਾਂ ਗੁਰੂ ਘਰ ਦੀ ਸਤਸੰਗਤਿ ਵਿਚ ਪਰਚਿਆਂ ਇਹ ਕਰਮ ਫੋਕਟ ਅਤੇ ਪਾਖੰਡ ਕਰਮ ਪਰਤੀਤ ਹੀ ਨਹੀਂ ਹੁੰਦੇ। ਹਠ ਦੁਆਰਾ ਇੰਦ੍ਰੀਆਂ ਨੂੰ ਰੋਕ ਕੇ ਇੰਦ੍ਰੀਆਂ ਦਾ ਨਿਰੋਧ ਕਰਨਾ, ਹਠ ਯੋਗ ਦੇ ਕਰਮ ਕਰਨੇ, ਸਿਰ ਦੇ ਭਾਰ ਹੋ ਕੇ ਟੰਗਾਂ ਨੂੰ ਉਪਰ ਕਰ ਕੇ ਦਰੱਖ਼ਤਾਂ ਤੇ ਟੰਗੇ ਰਹਿਣਾ ਅਤੇ ਕਪਾਲੀ ਆਸਣ ਯੋਗ ਜਮਾਉਣ ਵਾਲੇ ਕਰਮ ਕਰਨ ਤੋਂ ਹਉਮੈ ਰੋਗ ਬਿਆਪਦਾ ਹੈ। ਬਿਆਪਦਾ ਹੀ ਨਹੀਂ ਸਗੋਂ ਵਧਦਾ ਹੈ। ਘਾਟਾ ਮੁਕਦਾ ਹੀ ਨਹੀਂ, ਸਗੋਂ ਵਧਦਾ ਹੀ ਜਾਂਦਾ ਹੈ। ਹਉਮੈ ਮੈਲ ਚੁਕਦੀ ਨਹੀਂ, ਨਾ ਭੰਗ ਹੁੰਦੀ ਹੈ ਸਗੋਂ ਵਧਦੀ ਹੀ ਜਾਂਦੀ ਹੈ। ਜਿਤਨੇ ਇਹ ਕਰਮ ਹਨ ਸਭ ਕਾਮ ਕ੍ਰੋਧ ਅਤੇ ਤਿਸ਼ਨਾ ਵਿਚਿ ਜਾਲਣ (ਜਾਰਨ) ਵਾਲੇ ਤਿਸ਼ਨਾ ਅਗਨੀ ਵਿਚਿ ਦਘਧ ਕਰਨਹਾਰੇ ਹਨ। ਜਿਨ੍ਹਾਂ ਨੂੰ ਸਭ ਤੋਂ ਚੰਗੇ ਸਭ ਤੋਂ ਉਚੇ ਸੁਚੇ ਸਤਿਗੁਰੂ ਨਾਨਕ ਦੀ ਭੇਟਨਾ ਹੋਈ ਹੈ, ਓਹੋ ਬਚ ਸਕਦੇ ਹਨ। ਸਤਿਗੁਰੂ ਦੇ ਭੇਟੇ ਬਾਝੋਂ ਸਭ ਲੋਕਾਈ ਕਰਮ ਕਾਂਡ ਵਿਚਿ ਹੀ ਭਟਕਦੀ ਫਿਰਦੀ ਹੈ।(ਚਲਦਾ)


www.AKJ.Org

# ਯੂ. ਕੇ ਵਿਖੇ ਅਖੰਡ ਕੀਰਤਨ ਸਮਾਗਮ

1.ਨੈਸ਼ਨਲ ਮਾਸਿਕ ਰੈਣਿ ਸਬਾਈ ਕੀਰਤਨ ਸ਼ਨੀਵਾਰ 17 ਜੁਲਾਈ ਨੂੰ ਸਿੰਘ ਸਭਾ ਗੁਰਦੁਆਰਾ, GRANT ST., BRADFORD ਵਿਖੇ ਵਧੇਰੇ ਜਾਣਕਾਰੀ ਲਈ ਭਾ: ਕਮਲਜੀਤ ਸਿੰਘ 01274729302

੨. ਸ਼ਨੀਵਾਰ 24 ਜੁਲਾਈ ਨੂੰ ਬਾਹਰ ਖੁਲ੍ਹੇ ਪੰਡਾਲ ਵਿਚ ਰੈਣਿ ਸਬਾਈ ਕੀਰਤਨ ਭਾਈ ਪਰਬਿੰਦਰ ਸਿੰਘ ਤੇ ਮਨਜੀਤ ਕੌਰ ਦੇ ਗ੍ਰਹਿ ਵਿਖੇ ਅਖੰਡ ਕੀਰਤਨੀ ਜਥਾ ਯੂ. ਕੇ. ਬ੍ਰਮਿੰਘਮ ਬ੍ਰਾਂਚ ਦੇ ਸਹਿਯੋਗ ਨਾਲ 71 HANDSWORTH WOOD ROAD, HANDSWORTH ਵਿਖੇ। ਵਧੇਰੇ ਜਾਣਕਾਰੀ ਭਾ: ਪਰਬਿੰਦਰ ਸਿੰਘ 0121 554 2551 ਅਮਨਦੀਪ ਸਿੰਘ 0121 558 6473

3.ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦਿਹਾੜੇ ਤੇ ਪਾਕਿਸਤਾਨ ਦੇ ਚੌਣਵੇ ਗੁਰਧਾਮਾਂ ਦੀ ਇਤਿਹਾਸਕ ਯਾਤਰਾ ਅਤੇ ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਸ੍ਰੀ ਨਨਕਾਣਾ ਸਾਹਿਬ ਵਿਖੇ।

ਪ੍ਰੋਗਰਾਮ ਰਵਾਨਗੀ :- ਸ਼ਨੀਵਾਰ 13 ਨਵੰਬਰ ੧੧ ਲੰਡਨ ਤੋਂ ਲਾਹੌਰ

ਵਾਪਸੀ :- ਸ਼ਨੀਵਾਰ ੨7 ਨਵੰਬਰ ੧੧ ਲਾਹੌਰ ਤੋਂ ਲੰਡਨ

ਇਸ ੨ ਹਫਤਿਆਂ ਦੇ ਯਾਤਰਾ ਦੌਰਾਨ ਹਰੇਕ ਇਤਿਹਾਸਕ ਗੁਰੂ ਘਰ ਵਿਖੇ ਜੱਥੇ ਵਲੋਂ ਕੀਰਤਨ ਦਰਬਾਰ ਰਖੇ ਜਾਣਗੇ ਅਤੇ ੨੨ ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਤਿਹਾਸਕ ਰੈਣਿ ਸਬਾਈ ਕੀਰਤਨ ਹੋਣਗੇ. ਦੁਨੀਆਂ ਭਰ ਦੇ ਸਮੂਹ ਜੱਥੇ ਦੇ ਮੈਂਬਰਾ ਨੂੰ ਬੇਨਤੀ ਹੈ ਕਿ ਨਨਕਾਣਾ ਸਾਹਿਬ ਦੇ ਰੈਣਿ ਸਬਾਈ ਤੇ ਵਧ ਚੜ੍ਹ ਕੇ ਹਾਜਰੀਆਂ ਭਰਨ ਜੀ ਇਸ ਯਾਤਰਾ ਦੀ ਪੂਰੀ ਜਾਣਕਾਰੀ ਲਈ Tel :- ਭਾ: ਉਕੰਾਰ ਸਿੰਘ 01753572737 ਭਾ: ਅਮਨਦੀਪ ਸਿੰਘ 01215586473

## ਨਿਊਯਾਰਕ (ਯੂ. ਐਸ. ਏ.) ਵਿਖੇ ਅਖੰਡ ਕੀਰਤਨ ਸਮਾਗਮ

੨5 ਜੁਲਾਈ ਐਤਵਾਰ ਸ਼ਾਮ 7.30 ਤੋਂ ੧.30 P.M. ਖਾਲਸਾ ਵਿਦਿਆ ਕੇਂਦਰ ਕਿਊਨਜ਼ ਵਿਖੇ।

੨6 ਜੁਲਾਈ ਸੋਮਵਾਰ ਸ਼ਾਮ 7.30 ਤੋਂ ੧.30 ਗੁ: ਸਿੱਖ ਸੈਂਟਰ ਫਲੱਸ਼ਿੰਗ ਵਿਖੇ।

੨7 ਜੁਲਾਈ ਮੰਗਲਵਾਰ ਸ਼ਾਮ 7.30 ਤੋਂ ੧.30 ਗੁ: ਗਲੈਨਹੋਕ

੨8 ਜੁਲਾਈ ਬੁੱਧਵਾਰ ਸ਼ਾਮ 7.30 ਤੋਂ ੧.30 ਗੁ: ਬਰਿਜਟਾਵਰ

੨੧ ਜੁਲਾਈ ਵੀਰਵਾਰ ਸ਼ਾਮ 7.30 ਤੋਂ ੧.30 ਗੁ: ਮਾਤਾ ਸਾਹਿਬ ਕੌਰ ਗਲੈਨਕੋਣ

30 ਜੁਲਾਈ ਸ਼ੁਕਰਵਾਰ ਸ਼ਾਮ 6.00 ਤੋਂ ੧.30 ਗੁ: ਰਿਚਮੰਡ ਹਿੱਲ ਵਿਖੇ।

31 ਜੁਲਾਈ ਸ਼ਨੀਵਾਰ ਸ਼ਾਮ ਰੈਣਿ ਸਬਾਈ ਕੀਰਤਨ ਖਾਲਸਾ ਵਿਦਿਆ ਕੇਂਦਰ ਕਿਊਨਵੇਲਜ਼ ਵਿਖੇ।

**ਅੰਮ੍ਰਿਤ ਸੰਚਾਰ:-** 31 ਜੁਲਾਈ ਸ਼ਾਮ 4 ਵਜੇ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਹੋਣਗੇ। ਅਭਿਲਾਖੀ ਸੱਜਣ ਆਪਣੇ ਨਾਮ ਜਲਦੀ ਤੋਂ ਜਲਦੀ ਲਿਖਾਉਣ।

ਪੁੱਛਗਿਛ :- Tel. 718-740-6439 ਅਤੇ 718-805-3467.

---

## ਹਾਰਦਿਕ ਧੰਨਵਾਦ

ਸੂਰਾ ਪਰਵਾਰ ਦੇ ਸਮੂਹ ਮੈਂਬਰਾਂ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਦੀ ਪ੍ਰਬੰਧਕ ਕਮੇਟੀ ਅਤੇ ਖਾਸ ਤੌਰ ਤੇ ਪ੍ਰਧਾਨ ਸਾਹਿਬ ਦਾ ਹਾਰਦਿਕ ਧੰਨਵਾਦ ਹੈ ਜਿਨ੍ਹਾਂ ਨੇ ਸੂਰਾ ਦੇ ਸੇਵਾਦਾਰਾਂ ਨੂੰ ਸ਼ਹੀਦੀ ਪੁਰਬ ਦੇ ਸਮਾਗਮ ਸਮੇਂ ਸੰਗਤਾਂ ਤੱਕ 'ਸੂਰਾ' ਅਤੇ ਹੋਰ ਧਾਰਮਿਕ ਪੁਸਤਕਾਂ ਰਾਹੀਂ ਗੁਰਮਤਿ ਪ੍ਰਚਾਰ ਲਈ 'ਸੂਰਾ' ਦਾ ਸਟਾਲ ਲਗਾਉਣ ਲਈ ਹਰ ਤਰ੍ਹਾ ਦਾ ਨਿਘਾ ਸਹਿਯੋਗ ਅਤੇ ਸੁਚੱਜਾ ਪ੍ਰਬੰਧ ਕਰਕੇ ਦਿੱਤਾ।

ਦਾਸਰੇ :- ਸੰਪਾਦਕ ਅਤੇ ਸਮੂਹ ਸੇਵਾਦਾਰ ਸੂਰਾ ਮਾਸਿਕ ਪੱਤਰ ਲੁਧਿਆਣਾ।।

---

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਸੂਚਨਾ

ਸੂਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ, ਕਿਸੇ ਸਮਾਗਮ ਸਬੰਧੀ ਜਾ ਕੋਈ ਵੀ ਹੋਰ ਸੂਚਨਾ ਪਰਚੇ ਨਾਲ ਸੰਬੰਧਤ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਰੀਖ ਤੱਕ 'ਸੂਰਾ' ਦੇ ਉਪ-ਦਫਤਰ (ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ) ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਕਿ ਸਤੰਬਰ ਦੇ ਪਰਚੇ ਵਿਚ ਛਪਣ ਲਈ ਸੂਚਨਾ ਇਕ ਅਗਸਤ ਤੱਕ ਪਹੁੰਚ ਜਾਣੀ ਚਾਹੀਦੀ ਹੈ।

---

www.AKJ.Org

## ਗੁਰੂ ਸਵਾਰੇ ਭੈਣ ਕਮਲਜੀਤ ਕੌਰ ਜੀ



ਬੀਬੀ ਕਮਲਜੀਤ ਕੌਰ ਜੀ ਸੁਪਤਨੀ ਭਾਈ ਰਣਧੀਰ ਸਿੰਘ ਵਾਸੀ ਧਨੌਲਾ ਪਿਛਲੇ ਦਿਨੀਂ 15 ਮਈ ਨੂੰ ਇਕ ਸੜਕ ਹਾਦਸੇ ਵਿਚ ਜ਼ਖਮੀ ਹੋਣ ਉਪ੍ਰੰਤ 3 ਜੂਨ ਨੂੰ ਅਕਾਲ ਚਲਾਣਾ ਕਰ ਗਏ। ਬੀਬੀ ਜੀ ਗੁਰਸਿੱਖੀ ਪਿਆਰ ਤੇ ਤਿਆਗ ਦੀ ਇਕ ਆਦਰਸ਼ਕ ਮੂਰਤ ਸਨ। ਆਪ ਜੀ ਆਪਣਾ 3੨ ਵਰਿਆ ਦਾ ਮਨੁੱਖੀ ਜੀਵਨ ਨਾਮ ਰੰਗਾਂ ਵਿਚ ਰੰਗੇ ਹੋਏ ਹੀ ਬਤੀਤ ਕਰ ਗਏ।।

### ਛੇਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਸਬੰਧੀ ਸਲਾਨਾ ਕੀਰਤਨ ਸਮਾਗਮ ਫਗਵਾੜਾ ਵਿਖੇ।

ਇਤਿਹਾਸਕ ਗੁ: ਛੇਵੀਂ ਪਾਤਸ਼ਾਹੀ, ਬਾਸਾ ਵਾਲਾ ਬਜਾਰ, ਚੌੜਾ ਖੂਹ ਫਗਵਾੜਾ ਵਿਖੇ 10 ਜੁਲਾਈ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਸਬੰਧੀ ਕੀਰਤਨ ਸਮਾਗਮ ਲੁਧਿਆਣਾ ਵਿਖੇ ਵੇਰਵੇ ਸਹਿਤ ਪ੍ਰੋਗਰਾਮ ਪਿਛਲੇ ਅੰਕ ਵਿਚ ਛਪ ਚੁੱਕਾ ਹੈ ਜੀ।

### ਗੁ: ਦੂਖਨਿਵਾਰਨ ਸਾਹਿਬ ਪਟਿਆਲਾ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ

ਪੰਚਮੀ ਦੇ ਮਾਸਿਕ ਜੋੜ ਮੇਲੇ ਤੇ 16 ਜੁਲਾਈ ਸ਼ੁਕਰਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਖੰਡ ਮਿੱਲ ਬੁੱਢੇਵਾਲ (ਚੰਡੀਗੜ੍ਹ ਰੋਡ-ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ

ਸ: ਪਰਮਜੀਤ ਸਿੰਘ ਦੇ ਗ੍ਰਹਿ ਵਿਖੇ 17 ਜੁਲਾਈ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਗੁ: ਕਿਲਾ ਮੁਬਾਰਕ ਬਠਿੰਡਾ ਵਿਖੇ ਰੈਣਿ ਸਬਾਈ ਕੀਰਤਨ ੨4 ਜੁਲਾਈ ਰਾਤ ਨੂੰ

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 31 ਜੁਲਾਈ ਰਾਤ ਨੂੰ।

### ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ 7 ਅਗਸਤ ਸਵੇਰ ਤੋਂ ਦੁਪਹਿਰ ਤੱਕ ਅਤੇ ਸ਼ਾਮ ਨੂੰ ਰੈਣਿ ਸਬਾਈ ਅਖੰਡ ਕੀਰਤਨ ਸਮਾਗਮ ਹੋਣਗੇ। ਸਮਾਪਤੀ ਐਤਵਾਰ 8 ਅਗਸਤ ਸਵੇਰੇ 5 ਵਜੇ।

### ਫਰੀਦਕੋਟ ਵਿਖੇ ਰੈਣਿ ਸਬਾਈ ਕੀਰਤਨ

ਭਾਈ ਸਵਰਨ ਸਿੰਘ ਜੀ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ ਫਰੀਦਕੋਟ ਵਿਖੇ 7 ਅਗਸਤ ਰਾਤ ਨੂੰ ਕੀਰਤਨ ਸਮਾਗਮ ਸਜਣਗੇ।

### ਭੋਪਾਲ (ਮੱਧ ਪ੍ਰਦੇਸ਼) ਵਿਖੇ ਅਖੰਡ ਕੀਰਤਨ ਸਮਾਗਮ

14 ਅਗਸਤ ਸਵੇਰੇ 5 ਵਜੇ ਤੋਂ ੯ ਵਜੇ ਤੱਕ ਅਖੰਡ ਕੀਰਤਨ ਗੁ: ਟੇਕਰੀ ਸਾਹਿਬ ਈਦਗਾਹ ਹਿੱਲ ਵਿਖੇ। ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਗੁ: ਨਾਨਕ ਦਰਬਾਰ ਵਿਖੇ।

### ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਸਮਾਗਮ

1੨ ਅਗਸਤ ਸਵੇਰੇ 7 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਗੋਬਿੰਦ ਨਗਰ ਵਿਖੇ।

13 ਅਗਸਤ ਸ਼ਾਮ ੬ ਵਜੇ ਤੋਂ 10 ਵਜੇਂ ਤੱਕ ਕੀਰਤਨ ਜੰਝ ਘਰ ਗੋਬਿੰਦ ਨਗਰ ਵਿਖੇ।

14 ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ । ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਗੋਬਿੰਦ ਨਗਰ ਵਿਖੇ।

**ਅੰਮ੍ਰਿਤ ਸੰਚਾਰ** - 14 ਅਗਸਤ ਸ਼ਨੀਵਾਰ ਰਾਤ ਨੂੰ ਅੱਠ ਵਜੇ ਗੁ: ਗੋਬਿੰਦ ਨਗਰ ਵਿਖੇ ਆਰੰਭ ਹੋਣਗੇ।

(ਵਿਦੇਸ਼ਾ ਵਿੱਚ ਕੀਰਤਨ ਸਮਾਗਮਾਂ ਦਾ ਵੇਰਵਾ ਅੰਦਰਲੇ ਪੰਨੇ ਤੇ ਦੇਖੋ)

### ਸੂਰਾ ਸਹਾਇਤਾ

| | |
|---|---|
| ਗੁਪਤ- | ੧੦੦/- |
| ਸ. ਪ੍ਰਤੀਮ ਸਿੰਘ ਦਸੂਹਾ- | ੫੦/- |
| ਗੁਪਤ- | ੧੦੦/- |

### ਫ੍ਰੀ ਲਿਟ੍ਰੇਚਰ ਫੰਡ ਲਈ ਪ੍ਰਾਪਤ ਸਹਾਇਤਾ

| | |
|---|---|
| ਹਰਦੇਵ ਸਿੰਘ ਲੰਬਰਦਾਰ- | ੫੦/- |
| ਗੁਰੂਗੋਬਿੰਦ ਸਿੰਘ ਖਾਲਸਾ ਹਾਈ ਸਕੂਲ- | ੧੫੦/- |
| ਸ. ਮਨਧੀਰ ਸਿੰਘ- | ੫੦/- |
| ਸ. ਬਲਜੀਤ ਸਿੰਘ ਗਰੇਵਾਲ- | ੧੯੦੦/- |
| ਸ. ਸੂਰਤ ਸਿੰਘ (ਪੂਰਨ ਜੀ)- | ੧੦੦/- |
| ਸ. ਬੇਅੰਤ ਸਿੰਘ- | ੧੦੦/- |

SURA (Monthly) Kothi No. 12, BLOCK-I BHAI RANDHIR SINGH NAGAR, LUDHIANA- 141004

www.AKJ.Org